ੴ ਸਤਿਗੁਰ ਪ੍ਰਸਾਦਿ

ਐਫ.ਆਈ.ਆਰ

1 ਅਗਸਤ 2011

# ਸਿੱਖ ਵਿਦਵਾਨ ਗਿਆਨ ਖੜਗ ਲੈ ਕੇ ਅੱਗੇ ਆਉਣ

## ਡਾ. ਇਕਬਾਲ ਸਿੰਘ ਢਿੱਲੋਂ ਵਰਗੇ ਕਥਿਤ ਲੇਖਕਾਂ ਨੇ ਕਿਵੇਂ ਕੀਤੀ ਸਿੱਖ ਧਰਮ ਦੀ ਘੇਰਾਬੰਦੀ?

### ਡਾ. ਢਿੱਲੋਂ ਦੀ ਪਤਨੀ ਬੀਬੀ ਹਰਭਜਨ ਕੌਰ ਦੇ ਵੀ ਡਾ. ਢਿੱਲੋਂ ਨਾਲ ਵਿਚਾਰਧਾਰਕ ਮੱਤਭੇਦ......

–ਸੁਰਿੰਦਰ ਕੌਰ ਨਿਹਾਲ

ਅਜਕੱਲ ਸਿੱਖ ਧਰਮ ਵਿੱਚ ਕਥਿਤ ਲੇਖਕਾਂ ਅਤੇ ਇਤਿਹਾਸਕਾਰਾਂ ਦੀ ਬਹੁਤ ਭਰਮਾਰ ਹੈ, ਜੋ ਅਨਜਾਣ ਡਾਕਟਰ ਵਾਂਗ ਇਕ ਨਵੇਂ ਨਰੋਏ ਅਤੇ ਸੇਹਤਮੰਦ ਧਰਮ ਦੀ ਚੀਰ ਪਾੜ ਕਰਨ ’ਚ ਲੱਗੇ ਹੋਏ ਹਨ। ਇਸ ਤਰ੍ਹਾਂ ਇਹ ਲੋਕ ਸਸਤੀ ਸ਼ੋਹਰਤ ਖੱਟਣ ਦੇ ਨਾਲ ਸਿੱਖ ਵਿਰੋਧੀਆਂ ਦੀਆਂ ਖੁਸ਼ੀਆਂ ਵੀ ਹਾਸਲ ਕਰ ਰਹੇ ਹਨ। ਪਿਛਲੇ ਕੁਝ ਮਹੀਨਿਆਂ ਵਿੱਚ ਚਰਚਾ ’ਚ ਆਏ ਡਾ. ਇਕਬਾਲ ਸਿੰਘ ਢਿੱਲੋ ਦਾ ਹਾਲ ਵੀ ਨੌਂਗਜੇ ਗਾਜੀਆਂ ਵਾਲਾ ਹੈ ਜੋ ਨਵੇਂ–ਨਵੇਂ ਲੇਖਕ ਬਣੇ ਹਨ। ਡਾ. ਢਿੱਲੋ ਬਿਨਾਂ ਕਿਸੇ ਮੇਹਨਤ ਅਤੇ ਮੱਸ਼ਕਤ ਦੇ ਲੋਕਾਂ ਵਿੱਚ ਮਕਬੂਲ ਅਤੇ ਵੱਡੇ ਖੋਜੀ ਇਤਿਹਾਸਕਾਰ ਵਜੋਂ ਸਥਾਪਤ ਹੋਣਾ ਚਾਹੁੰਦੇ ਹਨ। ਜਦਕਿ ਡਾ. ਢਿੱਲੋ ਵਰਗੇ ਕਥਿਤ ਲੇਖਕਾਂ ਅਤੇ ਵਿਦਵਾਨਾਂ ਦਾ ਗੁਰਮਤਿ ਅਨੁਸਾਰ ਬੌਧਿਕ ਵਿਕਾਸ ਕਦੇ ਹੋਇਆ ਹੀ ਨਹੀਂ ਹੈ। ਬੇਸ਼ੱਕ ਕੁਝ ਲੋਕ ਚੰਗੀ ਕਿਤਾਬੀ ਵਿਦਿਆ ਵੀ ਗ੍ਰਹਿਣ ਕਰ ਲੈਂਦੇ ਹਨ, ਪਰ ਉਨ੍ਹਾਂ ਦਾ ਮਾਨਸਿਕ ਪੱਧਰ ਅੱਤ ਨੀਵੇਂ ਦਰਜੇ ਦਾ ਹੁੰਦਾ ਹੈ। ਜਿਸ ਲਈ ਅਜਿਹੇ ਲੋਕ ਆਪਣੀ ਕੌਮ ਨੂੰ ਢਾਹ ਲਾਉਣ ਵਾਲੀ ਦੌੜ ਵਿੱਚ ਹੀ ਸ਼ਾਮਲ ਹੋ ਜਾਂਦੇ ਹਨ। ਦਰਅਸਲ ਧਰਮ ਇਕ ਅਕੀਦਾ ਹੈ ਅਤੇ ਵਿਅਕਤੀ ਆਪਣੇ ਅਕੀਦੇ ਤੇ ਗੁਰੂ ਦੀ ਕ੍ਰਿਪਾ ਨਾਲ ਹੀ ਕਾਇਮ ਰਹਿ ਸਕਦਾ ਹੈ। ਪਰ ਡਾ. ਢਿੱਲੋ ਵਰਗੇ ਜੋ ਲੋਕ ਗੁਰੂ ਦੇ ਘਰ ਨੂੰ ਸੰਨ ਲਾ ਕੇ ਵੱਡੇ ਅਮੀਰ ਬਣਨਾ ਲੋਚਦੇ ਹਨ ਉਨ੍ਹਾਂ ਨੂੰ ਧਾਰਮਿਕ ਅਕੀਦਾ ਅਤੇ ਦ੍ਰਿੜ ਈਰਾਦਾ ਕਿਥੋ ਮਿਲਣਾ ਹੈ ? ਅਜਿਹੇ ਸਿਧਾਂਤਹੀਣ ਲੋਕ ਹੀ ਧਰਮ, ਸਮਾਜ ਅਤੇ ਦੇਸ਼ ਲਈ ਵੱਡਾ ਖਤਰਾ ਹੁੰਦੇ ਹਨ, ਜੋ ਵਿਰੋਧੀ ਤਾਕਤਾਂ ਲਈ ਪੁਲ ਅਤੇ ਪੌੜੀ ਦਾ ਕੰਮ ਕਰਦੇ ਹਨ। ਇਸ ਵਕਤ ਸਿੱਖ ਧਰਮ ’ਚ ਡਾ. ਢਿੱਲੋਂ ਵਰਗੇ ਲੇਲੇ ਨੂੰ ਕੁੱਤਾ ਦੱਸ ਕੇ ਸ਼ਿਕਾਰ ਕਰਨ ਵਾਲੇ ਬਹੁਤ ਠੱਗ ਇੱਕਠੇ ਹੋ ਚੁੱਕੇ ਹਨ। ਸਾਨੂੰ ਇਸ ਵਕਤ ਬਹੁਤ ਹੀ ਸੁਚੇਤ ਹੋ ਕੇ ਚੱਲਣ ਦੀ ਲੋੜ ਹੈ ਕਿਉਂਕਿ ਸਾਡੇ ਕੋਲ ਗੁਰੂ ਨਾਨਕ ਦੀ ਮਹਿੰਗੀ ਵਿਰਾਸਤ ਹੈ। ਇਸ ਭਿਆਨਕ ਰਾਤ ਵਿੱਚ ਸੂਰਜ ਉਦੈ ਹੋਣ ਤੱਕ ਸਾਡੀ ਵੱਡੀ ਜਿੰਮੇਵਾਰੀ ਹੈ ਦੇਖਿਓ ਗੁਰਸਿੱਖੋ ਕਿਤੇ ਅਕਲ ਅਤੇ ਪੈਰ ਨਾ ਤਿਲਕ ਜਾਣ। ਇਹ ਇਮਤਿਹਾਨ ਦੀ ਘੜੀ ਹੈ ਅਗਰ ਅਸੀਂ ਸਵੇਰਾ ਹੋਣ ਤੱਕ ਆਪਣਾ ਘਰ ਬਚਾਉਣ ’ਚ ਕਾਮਯਾਬ ਹੋ ਗਏ ਤਾਂ ਰਹਿੰਦੀ ਦੁਨੀਆਂ ਤੀਕ ਕਾਮਯਾਬੀ ਸਾਡੇ ਕਦਮ ਚੁਮੇਗੀ। ਇਸ ਵਕਤ ਸਾਡੀਆਂ ਸਾਰੀਆਂ ਸੰਸਥਾਵਾਂ ਇਤਿਹਾਸ ਅਤੇ ਸਿਧਾਂਤ ਦੁਸ਼ਮਣ ਦੇ ਨਿਸ਼ਾਨੇ ਤੇ ਹਨ। ਸਿੱਖ ਧਰਮ ਦੇ ਦੋਵੇਂ ਕੇਂਦਰੀ ਅਸਥਾਨ, ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਇਨ੍ਹਾਂ ਦੋਹਾਂ ਦੀ ਆਪਣੀ ਆਪਣੀ ਇਤਿਹਾਸਕ ਤੇ ਸਿਧਾਂਤਕ ਮਹੱਤਤਾ ਹੈ, ਜੋ ਸਿੱਖ ਧਰਮ ਦੇ ਵੱਡੇ ਸ਼ਕਤੀ ਸ੍ਰੋਤ ਹਨ। ਜਿਨ੍ਹਾਂ ਦੀ ਬਦੌਲਤ ਸਿੱਖ ਕੌਮ ਸਿਰਫ ਜਿੰਦਾ ਹੀ ਨਹੀਂ ਬਲਕਿ ਪੂਰੀ ਤਰ੍ਹਾਂ ਚੜ੍ਹਦੀ ਕਲਾ ’ਚ ਰਹੀ ਹੈ। ਇਹ ਸਾਡੇ ਲਈ ਗੁਲਾਮੀ ਦਾ ਅਲਾਰਮ ਹੈ ਕਿ ਕਦੇ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਕਦੇ ਅਕਾਲ ਤਖਤ ਨੂੰ ਖੁੱਲੀ ਚਨੌਤੀ ਦਿੱਤੀ ਜਾਂਦੀ ਹੈ। ਗੁਲਾਮ ਕੌਮਾਂ ਨਾਲ ਹਮੇਸ਼ਾ ਹੀ ਕਾਬਜ ਧਿਰਾਂ ਵੱਲੋਂ ਅਜਿਹੀ ਬਦ ਸਲੂਕੀ ਕੀਤੀ ਜਾਂਦੀ ਰਹੀ ਹੈ। ਉਪਰੋਕਤ ਦੋਹਾਂ ਹੀ ਕੇਂਦਰੀ ਅਸਥਾਨਾਂ ਦੇ ਨਿਰਮਾਣ ਦੇ ਪਿੱਛੇ ਗੁਰੂ ਸਾਹਿਬਾਨਾਂ ਦੀ ਦਿੱਬ ਦ੍ਰਿਸ਼ਟੀ ਅਤੇ ਉਸਾਰੂ ਸੋਚ ਖੜੀ ਹੈ। ਸਿੱਖ ਵਿਰੋਧੀ ਅਤੇ ਹਿੰਦੂਤੱਵੀ ਤਾਕਤਾਂ ਨੇ ਬੜੀ ਤੀਬਰਤਾ ਨਾਲ ਇਨ੍ਹਾਂ ਗੁਝੀਆਂ ਰਮਜਾਂ ਨੂੰ ਸਮਝ ਲਿਆ ਹੈ ਪਰ ਜੋ ਉਨ੍ਹਾਂ ਆਪ ਸਮਝਿਆ ਹੈ ਉਸਦੇ ਉਲਟ ਉਹ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਨੂੰ ਗੁਮਰਾਹ ਕਰਨਾ ਚਾਹੁੰਦੇ ਹਨ।

ਦੁਸ਼ਮਣ ਦੀ ਮਾਰ ਤੋਂ ਬਚਿਆ ਵੀ ਵੱਡੇ ਤਜਰਬਿਆਂ ਨਾਲ ਜਾਂਦਾ ਹੈ ਅਤੇ ਦੁਸ਼ਮਣ ਨੂੰ ਮਾਤ ਵੀ ਵੱਡੇ ਤਜਰਬਿਆਂ ਨਾਲ ਹੀ ਦਿੱਤੀ ਜਾਂਦੀ ਹੈ। ਜਿਵੇਂ ਸਾਡਾ ਦੁਸ਼ਮਣ ਸਾਡੇ ਵਿਰੁੱਧ ਇਤਿਹਾਸਕ ਤਜਰਬਿਆਂ ਤੋਂ ਕੰਮ ਲੈ ਰਿਹਾ ਹੈ ਪਰ ਅਸੀਂ ਆਪਣੇ ਬਚਾ ਲਈ ਆਪਣੇ ਇਤਿਹਾਸਕ ਤਜਰਬਿਆਂ ਤੋਂ ਕਿਉਂ ਪਿੱਛੇ ਹੱਟ ਰਹੇ ਹਾਂ। ਇਹ ਹਿੰਦੂਤੱਵੀ ਤਾਕਤਾਂ ਦਾ ਇਤਿਹਾਸਕ ਅਤੇ ਕੌੜਾ ਤਜਰਬਾ ਹੀ ਤਾਂ ਹੈ ਕਿ 1984 ਵਿਚ ਅਕਾਲ ਤਖਤ ਸਾਹਿਬ ਨੂੰ ਹਿੰਦ ਸਰਕਾਰ ਵੱਲੋਂ ਤੋਪਾਂ ਅਤੇ ਟੈਂਕਾਂ ਨਾਲ ਢਾਹੁਣ ਤੋਂ ਬਾਅਦ ਵੀ ਹਾਕਮ ਧਿਰ ਦੀ ਵੱਡੀ ਹਾਰ ਹੋਈ ਅਤੇ ਇਸੇ ਹਾਰ ਨੂੰ ਜਿੱਤ ਵਿੱਚ ਬਦਲਣ ਲਈ ਦਿੱਲੀ ਤਖਤ ਵੱਲੋਂ ਬਿਅੰਤ ਸਿਹੁੰ ਵਰਗੇ ਮਾਮੂਲੀ ਲੋਕਾਂ ਨੂੰ ਗੈਰ ਸਵਿਧਾਨਕ ਤਰੀਕੇ ਨਾਲ ਮੁੱਖਮੰਤਰੀ ਦੀ ਕੁਰਸੀ ਤੇ ਬਿਠਾਇਆ ਗਿਆ। ਇਹ ਇਕ ਤਰ੍ਹਾਂ ਨਾਲ ਦਿੱਲੀ ਤਖਤ ਵੱਲੋਂ ਬੰਤੇ ਬੁੱਚੜ ਨੂੰ ਦਿੱਤੀ ਗਈ ਉਪਾਧੀ ਸੀ। ਇਸੇ ਤਰ੍ਹਾ ਹੀ ਕੇ. ਪੀ. ਐਸ. ਗਿੱਲ ਵਰਗੇ ਬਹੁਤ ਸਾਰੇ ਬੇਗੈਰਤੇ ਅਤੇ ਕਾਇਰਾਂ ਦੀ ਪਿੱਠ ਥਾਪੜੀ ਗਈ। ਬਿਅੰਤ ਸਿਹੁੰ ਦੀ ਗੈਰ ਕਾਨੂੰਨੀ ਸਰਕਾਰ ਨੂੰ ਬਾਦਲਕਿਆਂ ਦਾ ਗੁਪਤ ਸਮਰਥਨ ਵੀ ਹਾਸਲ ਸੀ ਜੋ ਖਾੜਕੂਆਂ ਨਾਲ ਸਿੱਧੀ ਟੱਕਰ ਲਏ ਬਗੈਰ ਉਨ੍ਹਾਂ ਦਾ ਸਫਾਇਆ ਚਾਹੁੰਦੇ ਸਨ। ਇਹ ਖੂਨੀ ਖੇਡ ਪੰਜਾਬ ਵਿੱਚ ਪੂਰੇ ਗਿਆਰਾਂ ਸਾਲ ਚੱਲੀ। ਪਰ ਜਿੱਤ ਦਾ ਸਿਹਰਾ ਦੁਸ਼ਮਣ ਫਿਰ ਵੀ ਸਿਰ ਤੇ ਨਾ ਬੰਨ ਸਕਿਆ। ਉਸ ਤੋਂ ਬਾਅਦ ਪੰਥਕ ਆਗੂਆਂ ਦੀ ਖਰੀਦੋ ਫਰੋਖਤ ਸ਼ੁਰੂ ਹੋਈ ਅਤੇ ਮਾਮੂਲੀ ਤੋਂ ਮਾਮੂਲੀ ਬੰਦੇ ਦਾ ਵੀ ਮੁੱਲ ਤਹਿ ਹੋਇਆ। ਜਿਥੇ ਖਾੜਕੂਆਂ ਦੇ ਸਿਰਾਂ ਦੇ ਮੁੱਲ ਪਏ, ਉਥੇ ਬੇਗੈਰਤ ਪੂਰੇ ਦੇ ਪੂਰੇ ਵਿਕ ਗਏ। ਦਰਅਸਲ ਖਾੜਕੂ ਲਹਿਰ ਦੇ ਫੇਲ੍ਹ ਹੋਣ ਦਾ ਕਾਰਨ ਇਹ ਬਰਦਾਫਰੋਸ਼ ਲੋਕ ਸਨ। ਉਪਰਥਲੀ ਹੋਈਆਂ ਵੱਡੀਆਂ ਹਾਰਾਂ ਤੋਂ ਬਾਅਦ ਹੀ ਖੁਫੀਆ ਏਜੰਸੀਆਂ ਨੇ ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੇ ਖਿਲਾਫ ਨਵੀਂ ਯੋਜਨਾਬੰਦੀ ਸ਼ੁਰੂ ਕੀਤੀ। ਗੁਰੂ ਗ੍ਰੰਥ ਸਾਹਿਬ ਨੂੰ ਅੱਗਾਂ ਲਾਉਣ ਦੇ ਨਾਲ, ਬਚਿੱਤਰ ਨਾਟਕ ਗ੍ਰੰਥ ਦੀ ਗੱਦੀ ਗੁਰੂ ਗ੍ਰੰਥ ਸਾਹਿਬ ਵਰਗੇ ਰੂਹਾਨੀ ਗ੍ਰੰਥ ਦੇ ਬਰਾਬਰ ਲਗਾਈ ਗਈ ਜਦ ਕਿ ਬਚਿੱਤਰ ਨਾਟਕ ਦਾ ਵੱਡਾ ਹਿੱਸਾ ਲਾਈਬਰੇਰੀਆਂ ਵਿੱਚ ਰੱਖਿਆ ਜਾਣ ਵਾਲਾ ਵੀ ਨਹੀਂ ਹੈ। ਇਸਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਤੇ ਕਿੰਤੂ ਪ੍ਰੰਤੂ ਸ਼ੁਰੂ ਹੋਇਆ। ਖਬਰਾਂ ਤਾਂ ਇਹ ਵੀ ਹਨ ਕਿ ਪਹਿਲਾਂ ਖੁਫੀਆ ਏਜੰਸੀਆਂ ਵੱਲੋਂ ਅਕਾਲ ਤਖਤ ਨਾਲ ਆਢ੍ਹਾ ਲਵਾਉਣ ਲਈ ਬਰਜਿੰਦਰ ਸਿੰਘ ਹਮਦਰਦ ਦਾ ਗੁਣਾਂ ਪਾਇਆ ਜਾ ਰਿਹਾ ਸੀ ਪਰ ਹਮਦਰਦ ਇਸ ਕੰਮ ਦਾ ਨਾਂ ਤਾਂ ਮਾਹਰ ਸੀ ਅਤੇ ਨਾ ਹੀ ਪੂਰੀ ਤਰਾਂ ਤਿਆਰ ਸੀ। ਕਿਉਂਕਿ ਲੋੜੋਂ ਵੱਧ ਬੁਰਾਈ ਵੀ ਹਰ ਵਿਅਕਤੀ ਨਹੀਂ ਕਰ ਸਕਦਾ, ਪਰ ਜਿਹੜਾ ਬੁਰਾਈ ਦਾ ਪੁਜਾਰੀ ਪੱਲੇ ਦਮੜੇ ਬੰਨ ਕੇ ਤੁਰਿਆ ਸੀ ਉਸ ਲਈ ਅਗਰ ਬਰਜਿੰਦਰ ਸਿੰਘ ਨਹੀਂ ਤੇ ਜੋਗਿੰਦਰ ਸਿੰਘ ਸਹੀਂ, ਬੱਸ ਫਿਰ ਕੀ ਸੀ ਇੱਕੋ ਝੱਟੇ ਹੋ ਗਿਆ ਤਿਆਰ ਲੱਖੂਤੇ ਜੱਸੂ ਦਾ ਵਾਰਸ (ਲਖਪਤ ਤੇ ਜਸਪਤ ਰਾਏ) ਮੁੱਕਦੀ ਗੱਲ ਕੇ ਸਾਹਨੀ ਭਾ ਜੀ ਨੇ ਐਸਾ ਆਢ੍ਹਾ ਲਾਇਆ ਅਕਾਲ ਤਖਤ ਨਾਲ ਕੇ ਅੱਜ ਤੱਕ ਵੀ ਅੱਡੀਆਂ ਚੁੱਕਕੇ ਖੜਾ ਹੈ ਅਤੇ ਆਪਣੇ ਨਾਲ ਲੱਕੜਬੱਗਿਆਂ ਦੀ ਵੱਡੀ ਫੌਜ ਵੀ ਤਿਆਰ ਕਰ ਚੁੱਕਾ ਹੈ। ਇਥੇ ਵੀ ਸਭ ਤੋਂ ਵੱਡੀ ਭੂਮਿਕਾ ਪ੍ਰਕਾਸ਼ ਸਿੰਘ ਬਾਦਲ ਨੇ ਅਦਾ ਕੀਤੀ ਹੈ। ਜਿਸਨੇ ਆਰ. ਐਸ. ਐਸ. ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਪੂਰੀ ਤਰਤੀਬ ਨਾਲ ਆਪਣੇ ਮੋਹਰੇ ਬਣੇ ਜਥੇਦਾਰਾਂ ਤੋਂ ਅਕਾਲ ਤਖਤ ਦੀ ਮਾਨ ਮਰਯਾਦਾ ਨੂੰ ਇਕ ਤੋਂ ਬਾਅਦ ਇਕ ਗਲਤ ਫੈਸਲੇ ਕਰਵਾਕੇ ਭੰਗ ਕਰਵਾਇਆ ਅਤੇ ਇਸ ਦੇ ਨਾਲ ਦੀ ਰੋਜਾਨਾ ਸਪੋਕਸਮੈਨ ਦੇ ਜਰੀਏ ਜੋਗਿੰਦਰ ਸਿੰਹੁ ਵੱਲੋਂ ਜਥੇਦਾਰਾਂ ਨੂੰ ਪੁਜਾਰੀ ਦਾ ਦਰਜਾ ਦਿਵਾਕੇ ਉਨ੍ਹਾਂ ਨੂੰ ਹਿੰਦੂਮੱਤ ਦਾ ਅੰਗ ਬਣਾ ਦਿੱਤਾ ਗਿਆ। ਇਸੇ ਤਰ੍ਹਾ ਲਗਦੇ ਹੱਥ ਹੀ ਜੋਗਿੰਦਰ ਸਿਹੁੰ ਨੂੰ ਪੰਥ ਚੋਂ ਛੇਕਣ ਦਾ ਨਾਟਕ ਖੇਡਿਆ ਗਿਆ ਕਿਉਂਕਿ ਜੋ ਵਿਅਕਤੀ ਕਦੇ ਪੰਥ ’ਚ ਸ਼ਾਮਲ ਹੀ ਨਹੀਂ ਹੋਇਆ ਸੀ ਉਸਨੂੰ ਪੰਥ ਵਿੱਚੋਂ ਛੇਕਿਆ ਕਿਸ ਅਧਾਰ ਤੇ ਜਾ ਸਕਦਾ ਹੈ ਜਿਵੇਂ ਬਿਨਾ ਸੁਨੰਤ ਕਰਵਾਏ ਕੋਈ ਵਿਅਕਤੀ ਇਸਲਾਮ ਧਰਮ ਵਿੱਚ ਸ਼ਾਮਲ ਨਹੀਂ ਹੋ ਸਕਦਾ ਬੇਸ਼ੱਕ ਉਸ ਵਿਅਕਤੀ ਦਾ ਜਨਮ ਮੁਸਲਮਾਨ ਘਰਾਣੇ ’ਚ ਹੀ ਕਿਉਂ ਨਾ ਹੋਇਆ ਹੋਵੇ। ਇਸੇ ਤਰ੍ਹਾਂ ਖਾਲਸਾ ਪੰਥ ਵਿੱਚ ਸ਼ਾਮਲ ਹੋਣ ਲਈ ਵੀ ਕੁਝ ਨਿਯਮ ਹਨ ਜਿਸਦੀ ਪਹਿਲੀ ਸ਼ਰਤ ਹੈ “ਖੰਡੇ ਦੀ ਪਾਹੁਲ” ਪਰ ਜਿਹੜਾ ਵਿਅਕਤੀ ਧਰਮ ਦੇ ਨਿਯਮਾਂ ਦਾ ਪਾਲਣ ਕਰਨਾ ਤਾਂ ਦੂਰ ਬਲਕਿ ਉਨ੍ਹਾਂ ਨਿਯਮਾਂ ਨੂੰ ਮਾਨਤਾ ਹੀ ਨਹੀਂ ਦਿੰਦਾ ‘ਕੀ ਉਹ ਵਿਅਕਤੀ ਅਲੋਚਨਾ ਕਰਕੇ ਅਤੇ ਪੰਥ ਦੀ ਹਰ ਸੰਸਥਾ ਅਤੇ ਰਵਾਇਤ ਤੇ ਗਹਿਰੇ ਟੱਕ ਮਾਰਕੇ ਹੀ ਵੱਡਾ ਪੰਥਕ ਬਣ ਜਾਂਦਾ ਹੈ? ਅਜਿਹੇ ਗੁਸਤਾਖ ਵਿਅਕਤੀ ਨੂੰ ਇਸਲਾਮ ਧਰਮ ’ਚ ਤਾਂ ਮੌਤ ਦਾ ਫਤਵਾ ਸੁਣਾਇਆ ਜਾਂਦਾ ਹੈ ਅਤੇ ਮੁਲਕ ਦੇ ਕਾਨੂੰਨ ਅਨੁਸਾਰ ਸਵਿਧਾਨਿਕ ਨਿਯਮਾਂ ਨੂੰ ਮਾਨਤਾ ਨਾ ਦੇਣ ਵਾਲੇ ਬਾਗੀ ਵਿਅਕਤੀ ਨੂੰ ਦੇਸ਼ ਧ੍ਰੋਹੀ ਗਰਦਾਨਿਆਂ ਜਾਂਦਾ ਹੈ, ਪਰ ਜੋਗਿੰਦਰ ਸਿਹੁੰ ਵਰਗੇ ਪੰਥ ਦੀ ਹਰ ਰਵਾਇਤ ਨੂੰ ਤੋੜਨ ਵਾਲੇ ਲੋਕ ਆਪਣੀ ਅੱਤ ਦੀ ਗਰੀਬੀ ਧੋਹਕੇ ਮਾਇਕ ਪੱਖ ਤੋਂ ਅਮੀਰ ਹੋਣ ਦੇ ਨਾਲ ਵੱਡੇ ਪੰਥਕ ਵੀ ਬਣ ਬੈਠੇ ਹਨ? ਅਲੋਚਨਾ ਦਾ ਵੀ ਇਕ ਮਿਆਰ ਹੁੰਦਾ ਹੈ ਜਿਸਦੇ ਵੱਡੇ ਉਸਾਰੂ ਸਿੱਟੇ ਨਿਕਲਿਆ ਕਰਦੇ ਹਨ ਪਰ ਜੋਗਿੰਦਰ ਸਿਹੁ ਧੜੇ ਨੇ ਬਹੁਤ ਹੀ ਬਦਨੀਤੀ ਨਾਲ ਪੰਥ ਦੀ ਨਿੰਦਿਆ ਕੀਤੀ ਹੈ। ਜਿਸ ਨੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਅਕਾਲ ਤਖਤ ਨੂੰ ਵੀ ਆਪਣੀ ਘੇਰਾਬੰਦੀ ’ਚ ਲੈ ਲਿਆ ਹੈ ਪਿਛਲੇ ਸਾਲਾਂ ’ਚ ਲਗਾਤਾਰ ਅਕਾਲ ਤਖਤ ਤੋਂ ਲਏ ਗਏ ਅਧਾਰਹੀਣ ਫੈਸਲੇ ਵੀ ਇਕ ਵਿਉਂਤ ਦਾ ਹਿੱਸਾ ਹਨ ਅਤੇ ਇਨ੍ਹਾਂ ਗੈਰ ਸਿਧਾਂਤਕ ਫੈਸਲਿਆਂ ਦਾ ਵਿਰੋਧ ਸਿੱਖ ਪੰਥ ਨੇ ਕਰਨਾ ਹੀ ਸੀ, ਪਰ ਇਸੇ ਵਿਰੋਧ ਨੂੰ ਸਿੱਖ ਵਿਰੋਧੀਆਂ ਨੇ ਸਫਲਤਾ ਦੀ ਪੌੜੀ ਸਮਝਦਿਆਂ ਹੋਇਆ ਅੱਗੇ ਵੱਧਣਾ ਸ਼ੁਰੂ ਕਰ ਦਿੱਤਾ। ਇਸੇ ਹੀ ਪੰਥ ਵਿਰੋਧੀ ਲਹਿਰ ਦੀ ਉਪਜ ਹਨ ਡਾ. ਢਿੱਲੋ ਵਰਗੇ ਕਥਿਤ ਵਿਦਵਾਨ ਅਤੇ ਲੇਖਕ ਸਿੱਖ ਕੌਮ ਨੂੰ ਆਪਣੀ ਜਕੜ ਵਿਚ ਲੈ ਚੁੱਕੀ ਹਰ ਬੁਰਾਈ ਦੀ ਜੜ੍ਹ ਬਹੁਤ ਪਿਛਿਉਂ ਸ਼ੁਰੂ ਹੁੰਦੀ ਹੈ ਜੋ ਸਹਿਜੇ–ਸਹਿਜੇ ਉਸ ਬੋਹੜ ਰੁੱਖ ਦਾ ਰੂਪ ਧਾਰ ਗਈ ਹੈ ਜਿਸ ਦੀਆਂ ਜੜ੍ਹਾਂ ਤਾਂ ਡੂੰਗੀਆਂ ਹੁੰਦੀਆਂ ਹੀ ਹਨ ਪਰ ਬੋਹੜ ਰੁੱਖ ਦੀ ਦਾਹੜੀ ਵੀ ਆਖਿਰ ਜੜ੍ਹਾਂ ਬਣ ਜਾਂਦੀ ਹੈ। ਇਸ ਜੜ੍ਹ ਰੂਪੀ ਖਤਰਨਾਕ ਬਿਮਾਰੀ ਦੇ ਇਲਾਜ ਦਾ ਦਵਾਖਾਨਾ ਹੈ ਭਾਰਤੀ ਜਸੂਸ ਐਮ..ਕੇ. ਧਰ ਦੀ ਕਿਤਾਬ ‘ਉਪਨ ਸੀਕਰੇਟ’ ਬੇਸ਼ੱਕ ਐਮ. ਕੇ. ਧਰ ਨੇ ਆਪਣੀ ਸਰਵਿਸ ਦੌਰਾਨ ਸਿੱਖ ਕੌਮ ਦਾ ਬਹੁਤ ਨੁਕਸਾਨ ਕੀਤਾ ਹੈ ਅਤੇ ਉਹ ਕੇ.ਪੀ.ਐਸ. ਗਿੱਲ ਵਰਗੇ ਬੁਜਦਿਲਾਂ ਨੂੰ ਬਤੌਰ ਹੀਰੋ ਪੇਸ਼ ਕਰਦਾ ਹੈ ਪਰ ਇਸ ਦੇ ਬਾਵਜੂਦ ਉਸਨੇ ਬਦਹਜਮੀ ਕਾਰਨ ਜੋ ਉਲਟੀ ਕੀਤੀ ਹੈ, ਉਸ ਵਿਚੋਂ ਬਿਮਾਰੀ ਦੇ ਸਾਰੇ ਕਿਟਾਣੂਸਾਫ ਨਜ਼ਰ ਆਉਣ ਲੱਗ ਪਏ ਹਨ। ਇਸ ਤੋਂ ਇਲਾਵਾ ਆਰ. ਐਸ. ਐਸ. ਦੀ ਪੈਦਾਵਾਰ ਕਥਿਤ ਰਾਸ਼ਟਰੀ ਸਿੱਖ ਸੰਗਤ ਦੀ ਵੈਬ ਸਾਇਟ ਤੇ ਜੋ ਉਸਦੇ ਮੈਂਬਰਾਂ ਦੀ ਲਿਸਟ ਪਈ ਹੋਈ ਸੀ ਉਹ ਬੇਸ਼ੱਕ ਅਜਕਲ ਉਤਾਰ ਦਿਤੀ ਗਈ ਹੈ। ਜਿਸ ਦੀ ਇਕ ਕਾਪੀ ਪਿਛਲੇ ਦਿਨੀ ਮੇਰੇ ਵੀਰ ਸ. ਇੰਦਰਜੀਤ ਸਿੰਘ ਨੇ ਕ੍ਰਾਨਪੁਰ ਤੋਂ ਭੇਜੀ ਸੀ ਜੋ ਸਾਡੇ ਲਈ ਇਸ ਭਿਆਨਕ ਦੌਰ ਵਿਚ ਬਹੁਤ

ਹੀ ਉਪਯੋਗੀ ਹੈ। ਬੇਸ਼ੱਕ ਅਸੀਂ ਕੌਮ ਦੇ ਗੱਦਾਰਾਂ ਅਤੇ ਦੁਸ਼ਮਣਾਂ ਦੀ ਨਿਸ਼ਾਨਦੇਹੀ ਬਹੁਤ ਪਹਿਲੇ ਹੀ ਕਰ ਲਈ ਹੋਈ ਸੀ ਪਰ ਉਪਰੋਕਤ ਮਿਲੀਆਂ ਦੋ ਦਸਤਾਵੇਜ਼ੀ ਗਵਾਹੀਆਂ ਸਾਡੇ ਕੇਸ ਨੂੰ ਬਹੁਤ ਹੀ ਮਜ਼ਬੂਤ ਕਰਦੀਆਂ ਹਨ। ਕਥਿਤ ਸਿੱਖ ਸੰਗਤ ਦੇ ਮੈਂਬਰਾਂ ਦੀ ਲਿਸਟ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਦੇ ਚਾਰ ਡਾਕਟਰਾਂ, ਸਿੱਖਾਂ ਦੇ ਸਰਬਰਾਹ ਕਹੇ ਜਾਂਦੇ ਜਥੇਦਾਰਾਂ ਅਤੇ ਹੋਰ ਕਈ ਕਥਿਤ ਪੰਥਕ ਆਗੂਆਂ ਦੇ ਨਕਾਬ ਲਾਹੁਣ ਦੇ ਨਾਲ ਹੋਰ ਬਹੁਤ ਸਾਰਾ ਬੱਚ-ਕੱਚ ਸਾਹਮਣੇ ਆ ਗਿਆ ਹੈ ਅਤੇ ਉਪਰੋਕਤ ਦੋਵੇਂ ਦਸਤਾਵੇਜ਼ ਇਕ ਦੂਜੇ ਦੀ ਸਹੀ ਪਾਉਂਦੇ ਹਨ। ਐਮ. ਕੇ. ਧਰ ਨੇ ਖੁਫੀਆ ਏਜੰਸੀਆਂ ਦਾ ਪਰਦਾਫਾਸ਼ ਕਰਨ ਦੇ ਨਾਲ ਬਹੁਤ ਸਾਰੇ ਖਾੜਕੂ ਮੁਖੀਆਂ ਦਾ ਕਿਰਦਾਰ ਵੀ ਨੰਗਾ ਕਰ ਦਿੱਤਾ ਹੈ। ਜਿਸ ਤੋਂ ਸਾਫ ਸਮਝ ਆਉਂਦੀ ਹੈ ਕਿ ਬੇਸ਼ੱਕ ਖਾੜਕੂ ਲਹਿਰ ਇਕ ਵੱਡੇ ਵਿਦਰੋਹ ਚੋਂ ਪੈਦਾ ਹੋਈ ਸੀ, ਪਰ ਜਿਸ ਬੇੜੀ ਵਿਚ ਉਹ ਸਵਾਰ ਹੋਈ ਉਸ ਦਾ ਮਲਾਹ ਕੋਈ ਵੀ ਨਹੀਂ ਸੀ। ਇਸਦੇ ਨਾਲ ਹੀ ਐਮ.ਕੇ.ਧਰ ਨੇ 40000 ਆਈ.ਬੀ. ਦੇ ਅਮਲੇ ਦੇ ਨਾਲ ਉਸ ਦੇ ਲੱਖਾਂ ਏਜੰਟਾਂ ਜਿਨ੍ਹਾਂ ਨੇ ਪੰਜਾਬ ਦੇ ਚੱਪੇ ਚੱਪੇ ਤੇ ਆਪਣਾ ਨਾਕਾ ਲਗਾਇਆ ਹੋਇਆ ਹੈ ਉਨ੍ਹਾਂ ਏਜੰਟਾਂ ਦੇ ਮਹਿਕਮੇ ਉਨ੍ਹਾਂ ਦੇ ਕੰਮ ਕਾਰ ਅਤੇ ਉਨ੍ਹਾਂ ਦੀਆਂ ਉਪਾਧੀਆਂ ਅਤੇ ਡਿਗਰੀਆਂ ਵੀ ਦੱਸੀਆਂ ਹਨ। ਜਿਨ੍ਹਾਂ ਵਿਚ ਪ੍ਰਮੁੱਖ ਹਨ ਅਖਬਾਰਾਂ ਦੇ ਸੰਪਾਦਕ, ਪਤਰਕਾਰ, ਲਿਖਾਰੀ, ਲੈਕਚਰਾਰ, ਪ੍ਰੋਫੈਸਰ, ਟੀਚਰ ਇਸ ਤੋਂ ਇਲਾਵਾ ਵਪਾਰੀ, ਕਾਰਖਾਨੇਦਾਰ, ਮੁਲਾਜਮ, ਡਾਕਟਰ, ਡਰਾਈਵਰ ਅਤੇ ਘਰਾਂ 'ਚ ਰੱਖੇ ਹੋਏ ਰਸੋਈਏ ਵੀ ਸ਼ਾਮਲ ਹਨ। ਇਸ ਕਿਤਾਬ ਚੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਫ਼ਖ਼ਰ-ਏ-ਕੌਮ ਬਾਬਾ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਦੇ ਭਰਾਵਾਂ ਭਤੀਜੀਆਂ ਨੇ ਕਿਵੇਂ ਉਨ੍ਹਾਂ ਦੀਆਂ ਗੋਲੀਆਂ ਨਾਲ ਛੱਲਣੀ ਹੋਈਆਂ ਖੱਲਾਂ ਵੇਚੀਆਂ ਹਨ ਅਤੇ ਸਿੱਖ ਕੌਮ ਨੂੰ ਕਿੰਨੀ ਵੱਡੀ ਨਮੋਸ਼ੀ ਭਰੀ ਹਾਰ ਦਿਵਾਈ ਹੈ। ਇਨ੍ਹਾਂ ਝੋਲੀ ਚੁੱਕ ਅੱਤ ਦਰਜੇ ਦੇ ਭੁੱਖੜ ਅਤੇ ਇਨ੍ਹਾਂ ਕਮੀਨੇ ਸਿੱਖਾਂ ਦੇ ਇਸ ਕਾਰੇ ਨਾਲ ਸਿੱਖ ਕੌਮ ਦੇ ਅਮੀਰ ਇਤਿਹਾਸ ਦੇ ਨਾਲ ਇਕ ਜਲਾਲਤ ਭਰਿਆ ਅਧਿਆਏ ਵੀ ਜੁੜ ਗਿਆ ਹੈ। ਇਨ੍ਹਾਂ ਦੋਹਾਂ ਦਸਤਾਵੇਜ਼ਾਂ ਤੋਂ ਸਾਰੀ ਪਿਕੱਚਰ ਸਾਫ ਹੋ ਜਾਂਦੀ ਹੈ। ਖਾੜਕੂ ਲਹਿਰ ਦੇ ਪਤਨ ਦੇ ਕਾਰਨਾਂ ਦੇ ਨਾਲ ਸਿੱਖਾਂ ਦਾ ਵਿਦਵਾਨ ਅਤੇ ਲੇਖਕ ਵਰਗ ਵੀ ਨੰਗਾ ਹੋਇਆ ਖੜਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਯੋਧ ਸਿੰਘ ਅਤੇ ਹਰਪਾਲ ਸਿੰਘ ਪੰਨੂਕਿਵੇਂ ਏਜੰਸੀਆਂ ਦੇ ਇਸ਼ਾਰੇ ਤੇ ਬਚਿੱਤਰ ਨਾਟਕ ਵਰਗੇ ਨਾਟਕ ਖੇਡ ਰਹੇ ਹਨ। ਇਨ੍ਹਾਂ ਡਾਕਟਰਾਂ ਦੇ ਨਾਲ ਹੀ ਡਾ. ਇਕਬਾਲ ਸਿੰਘ ਢਿੱਲੋ ਦੀ ਜੰਮਣ ਭੋਏ ਦੀ ਵੀ ਨਿਸ਼ਾਨਦੇਹੀ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਅਸੀਂ ਰੋਜਾਨਾ ਸਪੋਕਸਮੈਨ ਦੇ ਸੰਪਾਦਕ ਜੋਗਿੰਦਰ ਸਿਹੁੰ ਦੇ ਸਬੰਧ ਵਿਚ ਜੋ ਲਿਖਦੇ ਰਹੇ ਹਾਂ ਉਸ ਲਈ ਵੀ ਐਮ. ਕੇ.ਧਰ. ਦੀ ਕਿਤਾਬ ਨੇ ਵੱਡਾ ਅਧਾਰ ਮੁਹਈਆ ਕਰਵਾ ਦਿੱਤਾ ਹੈ। ਜੋਗਿੰਦਰ ਸਿਹੁੰ ਵਰਗਾ ਸਖ਼ਸ਼ ਜੋ ਧੁਰਕੀ ਬਾਣੀ ਵਰਗੇ ਮਹਾਂਕਾਵ ਦੀ ਅਲੋਚਨਾ ਕਰਨ ਦੀ ਹਮੇਸ਼ਾ ਤਾਕ 'ਚ ਰਹਿੰਦਾ ਹੈ, ਪਰ ਉਸ ਦੇ ਮਨ ਨੂੰ ਇਕ ਸਧਾਰਨ ਜਿਹੇ ਗੀਤ ਦਾ ਟੋਟਾ "ਮੈਂ ਸੋਭਾ ਸੁਣ ਕੇ ਆਇਆ ਉੱਚਾ ਦਰ ਬਾਬੇ ਨਾਨਕ ਦਾ" ਕਿਵੇਂ ਭਾਅ ਜਾਂਦਾ ਹੈ ਅਤੇ ਉਹ ਉਸ ਵਿੱਚੋਂ ਪੰਜ ਸ਼ਬਦ ਚੁੱਣ ਕੇ "ਉੱਚਾ ਦਰ ਬਾਬੇ ਨਾਨਕ ਦਾ" ਉਸਾਰਨ ਲੱਗ ਜਾਂਦਾ ਹੈ। ਇਸ ਪਿੱਛੇ ਕੋਈ ਸਾਧਾਰਨ ਸੋਚ ਨਹੀਂ ਹੈ ਬਲਕਿ ਇਸਦੇ ਪਿੱਛੇ ਇੱਕ ਮਨੋਵਿਗਿਆਨਕ ਬਿਰਤੀ ਕਈਆਂ ਪਹਿਲੂਆਂ ਤੇ ਕੰਮ ਕਰਦੀ ਹੈ ਕਿਉਂਕਿ ਧਰਮ ਦੇ ਨਾਂ ਤੇ ਉਲਾਰ ਹੋਣ ਵਾਲੇ ਵਿਅਕਤੀਆਂ ਦਾ ਆਮ ਤੌਰ ਤੇ ਮਾਨਸਿਕ ਪੱਧਰ ਇਸੇ ਦਰਜੇ ਦਾ ਹੀ ਹੁੰਦਾ ਹੈ। ਜਿਨ੍ਹਾਂ ਨੂੰ ਧਾਰਮਿਕ ਤੋਂ ਵੱਧ ਅੰਨੇ ਸ਼ਰਧਾਲੂ ਕਿਹਾ ਜਾਂਦਾ ਹੈ। ਦਰਅਸਲ ਇਹ ਤਬਕਾ ਹੀ ਕੁਝ ਰਹਿਸਮਈ ਇਸ਼ਾਰਿਆਂ ਤੇ ਧਰਮ ਦਾ ਸਭ ਤੋਂ ਵੱਧ ਨੁਕਸਾਨ ਅਨਜਾਣਪੁਣੇ 'ਚ ਕਰ ਜਾਂਦਾ ਹੈ। ਬੇਸ਼ੱਕ ਹਰ ਗੱਲ ਤੇ ਤਰਕ ਵੀ ਚੰਗਾ ਨਹੀਂ ਹੁੰਦਾ, ਪਰ ਅੰਧ ਵਿਸ਼ਵਾਸ ਵੀ ਕੌਮਾਂ ਦੀਆਂ ਵੱਡੀਆਂ ਪ੍ਰਾਪਤੀਆਂ ਨੂੰ ਜੀਰੋ ਕਰ ਜਾਂਦਾ ਹੈ ਅਤੇ ਇਸ ਵਕਤ ਸਿੱਖ ਕੌਮ ਅੰਨ੍ਹੇ ਤਰਕਵਾਦੀ ਤੇ ਅੰਨ੍ਹੇ ਸ਼ਰਧਾਲੂਆਂ ਦੇ ਦੋਹਾਂ ਫਿਰਕਿਆਂ 'ਚ ਫਸ ਚੁੱਕੀ ਹੈ।

ਇਸੇ ਤਰ੍ਹਾਂ ਹੀ ਜੋਗਿੰਦਰ ਸਿਹੁੰ ਵੱਲੋਂ ਏਕਸ ਕੇ ਬਾਰਕ ਸ਼ਬਦ ਨੂੰ ਗੁਰਬਾਣੀ ਵਿੱਚੋਂ ਚੁੱਕਣ ਦੇ ਬਾਵਜੂਦ ਉਸ ਵਿੱਚੋਂ ਹਮ ਸ਼ਬਦ ਕੱਟ ਕੇ ਇਕ ਤਾਂ ਉਸ ਸ਼ਬਦ ਨੂੰ ਬੇਜਾਨ ਅਤੇ ਸਾਧਾਰਨ ਬਣਾ ਕੇ ਪੇਸ਼ ਕੀਤਾ ਗਿਆ ਹੈ ਅਤੇ ਦੂਸਰਾ ਗੁਰਬਾਣੀ ਨਾਲ ਛੇੜ-ਛਾੜ ਕਰਨ ਦਾ ਰਾਹ ਖੋਲਿਆ ਗਿਆ ਹੈ। ਮੁੱਕਦੀ ਗੱਲ ਕਿ ਇਨ੍ਹਾਂ ਦੋਹਾਂ ਸ਼ਬਦਾਂ ਤੇ ਨਾਵਾਂ ਦੀ ਚੋਣ ਡੇਰੇਦਾਰਾਂ ਦੀ ਤਰਜ ਤੇ ਕੀਤੀ ਗਈ ਹੈ। ਇਸੇ ਤਰਾਂ ਹੀ ਜੋਗਿੰਦਰ ਸਿਹੁੰ ਵੱਲੋਂ ਟੀਸੀ ਤੇ ਪੁੱਜ ਚੁੱਕੇ ਗੁਰਮਤਿ ਸੱਭਿਆਚਾਰ ਨੂੰ ਪਿੱਛੇ ਮੋੜ ਕੇ ਲਿਆਉਣ ਲਈ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਬਾਬਾ ਨਾਨਕ ਪ੍ਰਚਾਰਕੇ ਉਨ੍ਹਾਂ ਨੂੰ ਬੜੇ ਛਲਾਵੇ ਨਾਲ ਨੌ ਗੁਰੂ ਸਾਹਿਬਾਨਾ ਤੋਂ ਭਾਵ ਗੁਰੂ-ਪ੍ਰਣਾਲੀ ਤੋਂ ਵੱਖ ਕੀਤਾ ਜਾ ਰਿਹਾ ਹੈ। ਜਦਕਿ ਭਾਈ ਲਹਿਣੇ ਦੀ ਚੋਣ ਕਰਕੇ ਉਨ੍ਹਾਂ ਨੂੰ ਗੁਰੂਅੰਗਦ ਵੱਜੋਂ ਆਪਣਾ ਵਾਰਿਸ ਨਿਯੁਕਤ ਕਰਨ ਪਿੱਛੇ ਗੁਰੂ ਨਾਨਕ ਸਾਹਿਬ ਦੀ ਜਥੇਬੰਧਕ ਵਿਚਾਰਧਾਰਾ ਅਤੇ ਦਿੱਬ ਦ੍ਰਿਸ਼ਟੀ ਕੰਮ ਕਰਦੀ ਹੈ ਜੋ ਪੂਰੇ 239 ਸਾਲਾਂ ਦਾ ਇਕ ਖਾਕਾ ਤਿਆਰ ਕਰ ਰਹੀ ਹੈ ਅਤੇ ਇਸ ਗੁਰਪ੍ਰਣਾਲੀ ਦੀ ਇਕ ਸਮਾਂ ਸੀਮਾ ਨਿਸ਼ਚਿਤ ਕੀਤੀ ਗਈ ਹੈ ਇਹ ਉਹ ਗੁਰਮਤਿ ਟਕਸਾਲ ਹੈ ਜਿਸਨੇ ਗੁਰਮਤਿ ਦੀ ਘਾੜਤ ਘੜਨੀ ਹੈ। ਗੁਰੂਵਾਕ ਹੈ।।ਘੜੀਐ ਸਬਦੁ ਸਚੀ ਟਕਸਾਲ।। ਅੱਜ ਪਹਿਲੀ ਵਾਰ ਇਸ ਧਰਾਤਲ ਤੇ ਕੋਈ ਸਿੱਖ ਗੁਰੂ ਰੂਪ ਹੋਇਆ ਹੈ ਜਿਸਨੇ ਗੁਰੂ ਨਾਨਕ ਸਾਹਿਬ ਵੱਲੋਂ ਦਿੱਤੀ ਗਈ ਰੱਬੀ ਦਾਤ ਗੁਰਮਤਿ ਵਿਚਾਰਧਾਰਾ ਨੂੰ ਅੱਗੇ ਤੋਰਨਾ ਹੈ। ਇਹ ਬਹੁਤ ਵੱਡਾ ਅਤੇ ਲਾ ਮਿਸਾਲ ਵਰਤਾਰਾ ਹੈ ਜਿਸਨੂੰ ਜੋਗਿੰਦਰ ਸਿਹੁੰ ਅਤੇ ਕਥਿਤ ਸੱਚ ਖੋਜ ਐਕਡਮੀ ਦੇ ਮੁੱਖੀ ਕਥਿਤ ਨਿਹੰਗ ਧਰਮ ਸਿਹੁੰ ਵਰਗੇ ਵਿਚਾਰਧਾਰਕ ਪੱਖ ਤੋਂ ਬੌਣੇ ਵਿਅਕਤੀ ਨਹੀਂ ਸਮਝ ਸਕਦੇ। ਪਰ ਦੇਖੋ ਗੁਰਸਿੱਖੋ ਅਤੇ ਸੰਸਾਰ ਦੇ ਸਮੂਹ ਚਿਤੰਕੋ ਤੇ ਸ਼ੁੱਭ ਚਿੰਤਕੋ ਇਸ ਰੱਬੀ ਵਰਤਾਰੇ ਨੂੰ ਜ਼ਰਾ ਨੀਜ ਨਾਲ ਦੇਖੋ। ਇਹ ਗੁਰਮਤਿ ਦੀ ਉਹ ਆਦੁਤੀ ਤਸਵੀਰ ਹੈ ਜੋ ਗੁਰੂਨਾਨਕ ਸਾਹਿਬ ਦੀ ਪੰਜਵੀਂ ਪੀੜ੍ਹੀ ਗੁਰੂ ਅਰਜਨ ਸਾਹਿਬ ਤੱਕ ਪਹੁੰਚ ਕੇ ਸਪੱਸ਼ਟ ਦਿਖਾਈ ਦੇਣ ਲਗਦੀ ਹੈ ਅਤੇ ਇਸ ਅਦਭੁੱਤ ਤਸਵੀਰ ਨੂੰ 1699 ਦੀ ਵੈਸਾਖੀ ਵਾਲੇ ਦਿਨ ਮਹਾਨ ਇਨਕਲਾਬੀ ਅਤੇ ਯੋਧੇ ਜਰਨੈਲ ਗੁਰੂ ਨਾਨਕ ਦੀ ਦਸਵੀਂ ਪੁਸ਼ੱਤ ਗੁਰ ਗੋਬਿੰਦ ਸਿੰਘ ਸਾਹਿਬ ਕਿਵੇਂ ਅੰਤਮ ਛੋਹਾਂ ਦੇ ਕੇ ਸੰਸਾਰ ਦੇ ਵੱਡੇ ਪਰਦੇ ਤੇ ਪੇਸ਼ ਕਰਦੇ ਹਨ। ਜਿਸਦਾ ਪਰਤੱਖ ਰੂਪ ਸਭ ਦੇ ਸਾਹਮਣੇ ਹੈ। ਇਸ ਤਰ੍ਹਾ ਰੱਬੀ ਹੁਕਮ ਵਿੱਚ ਗੁਰੂ ਨਾਨਕ ਸਾਹਿਬ ਵੱਲੋਂ ਵਿਉਂਤੇ ਗਏ 239 ਸਾਲਾਂ ਦਾ ਸਮਾਂ 1708 ਵਿੱਚ ਸਮਾਪਤ ਹੁੰਦਾ ਹੈ ਅਤੇ ਇਸ ਦੇ ਨਾਲ ਹੀ ਸ਼ੁਰੂਹੁੰਦਾ ਹੈ ਇਸ ਪਵਿਤ੍ਰ ਇਤਿਹਾਸ ਦਾ ਦੂਜਾ ਭਾਗ, ਭਾਵ ਦਸਮੇਸ਼ ਪਿਤਾ ਵੱਲੋਂ ਖਾਲਸਾ ਪੰਥ ਦਾ ਥਾਪਿਆ ਗਿਆ ਪਹਿਲਾ ਜਥੇਦਾਰ ਬਾਬਾ ਬੰਦਾ ਸਿੰਘ ਬਹਾਦਰ ਪਰਦੇ ਤੇ ਆਉਂਦਾ ਹੈ, ਜੋ ਦਸਾਂ ਪੀੜ੍ਹੀਆਂ ਦੀ ਮਹਾਨ ਕਰਨੀ ਦਾ ਨਤੀਜਾ ਹੈ ਅਤੇ ਇਹ ਗੁਰਪ੍ਰਣਾਲੀ ਦਾ ਪਹਿਲਾ ਮਹਾਨ ਸਪੂਤ ਹੈ ਜਿਸਨੂੰ ਦਸਮੇਸ਼ ਪਿਤਾ ਵੱਲੋਂ ਇਸ ਬੰਜਰ ਹੋ ਚੁੱਕੇ ਧਰਾਤਲ ਤੇ ਧਰਮ ਦਾ ਰਾਜ ਕਾਇਮ ਕਰਨ ਵਾਸਤੇ ਚੁਣਿਆਂ ਗਿਆ ਹੈ। ਉਹ ਦੁਨਿਆਵੀ ਮਾਪਿਆਂ ਦਾ ਲਛਮਣ ਦਾਸ ਜ਼ਰੂਰ ਹੈ ਜੋ ਸੱਚ ਦੀ ਭਾਲ ਵਿੱਚ ਭਾਵੇਂ ਕਿਸੇ ਔਘੜ ਨਾਥ ਦੇ ਡੇਰੇ ਤੇ ਗਿਆ ਹੈ ਤੇ ਭਾਵੇਂ ਕਿਸੇ ਬੈਰਾਗੀ ਮੰਡਲ ਵਿੱਚ ਪਹੁੰਚਿਆ ਹੈ ਪਰ ਅੱਜ ਤੱਕ ਨਾ ਉਹ ਕਿਸੇ ਔਘੜ ਨਾਥ ਦਾ ਚੇਲਾ ਹੈ ਅਤੇ ਨਾ ਉਹ ਮਾਧੋ ਦਾਸ ਬੈਰਾਗੀ ਹੈ ਕਿਉਂਕਿ ਉਹ ਅਜੇ ਤੱਕ ਸਿਰਫ ਇਕ ਖੋਜਾਰਥੀ ਹੈ ਜੋ ਸੱਚ ਦੀ ਖੋਜ ਵਿਚ ਘਰੋਂ ਨਿਕਲਿਆ ਸੀ, ਪਰ ਜਦ ਉਹ ਸੱਚ ਦਸਮੇਸ਼ ਪਿਤਾ ਦੇ ਰੂਪ 'ਚ ਉਸ ਦੇ ਸਾਹਮਣੇ ਪ੍ਰਗਟ ਹੋਇਆ ਤਾਂ ਉਸਨੇ ਉਸ ਸੱਚ ਨੂੰ ਐਸਾ ਘੁੱਟ ਕੇ ਜੱਫਾ ਮਾਰਿਆ ਕਿ ਮੁਗਲ ਹਕੂਮਤ ਵੱਲੋਂ ਦਿੱਤੀ ਗਈ ਤਸੀਹਿਆਂ ਭਰੀ ਮੌਤ ਵੀ ਉਸਦਾ ਉਹ ਜੱਫਾ ਨਾ ਤੁੜਵਾ ਸਕੀ ਅਤੇ ਉਸਦੇ ਇਸ ਇਸ਼ਕ-ਹਕੀਕੀ ਨੂੰ ਭਾਈ ਮਨੀ ਸਿੰਘ ਸਮੇਤ ਪੰਥ ਦਾ ਵੱਡਾ ਹਿੱਸਾ ਜਾਂ ਤਾਂ ਸਮਝ ਨਾ ਸਕਿਆ ਜਾਂ ਫਿਰ ਈਰਖਾ ਦਾ ਸ਼ਿਕਾਰ ਹੋ ਗਿਆ ਅਤੇ ਪੰਥ ਦੀ ਪੂਜਨੀਕ ਮਾਤਾ ਸੁੰਦਰੀ ਵੀ ਟਪਲਾ ਖਾ ਗਈ। ਇਸ ਵਿਸ਼ੇ ਤੇ ਡਾ. ਹਰਜਿੰਦਰ ਮੀਤ ਸਿੰਘ ਫਰੀਦਕੋਟ ਨੇ ਜਿਵੇਂ 2 ਕੁ ਸਾਲ ਪਹਿਲੇ ਭਾਈ ਮਨੀ ਸਿੰਘ ਅਤੇ ਮਾਤਾ ਸੁੰਦਰੀ ਦੀ ਭੂਮਿਕਾ ਨੂੰ ਬਿਆਨ ਕੀਤਾ ਹੈ ਉਹ ਅਸਲ ਸੱਚ ਦੀ ਖੋਜ ਵਿੱਚ ਡਾਕਟਰ ਸਾਹਿਬ ਵਲੋਂ ਮਾਰਿਆ ਗਿਆ ਵੱਡਾ ਅਤੇ ਪਹਿਲਾਂ ਹੰਭਲਾ ਹੈ।

ਖੈਰ ਅਸੀਂ ਪਿੱਛੇ ਮੁੱਖ ਵਿਸ਼ੇ ਵੱਲ ਪਰਤਦੇ ਹਾਂ ਅਗਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਪ੍ਰਚਲੱਤ ਗੁਰਪ੍ਰਣਾਲੀ ਤੋਂ ਵੱਖ ਕਰ ਦਿੱਤਾ ਜਾਵੇ ਤਾਂ ਕਰਾਮਾਤਾਂ ਵਰਗੇ ਕਰਤਬਾਂ ਨਾਲ ਸਿਰਜਿਆ ਹੋਇਆ ਇਤਿਹਾਸ ਹੀ ਸਮਾਪਤ ਹੋ ਜਾਂਦਾ ਹੈ। ਜਿਸ ਇਤਿਹਾਸ ਦੀ ਆਪਣੀ ਜਨਮ ਅਤੇ ਵਿਸ਼ਾਲ ਕਰਮ ਭੂਮੀ ਹੈ ਜੋ ਸਮੇਂ ਨੇ ਆਪਣੀ ਨਿਰਪੱਖ ਗਵਾਹੀ ਪਾਕੇ ਪੰਜਾਬ ਦੀ ਧਰਤ ਨੁਮਾਂ ਵੱਡੀ ਸਲੇਟ ਤੇ ਲਿਖੀ ਹੈ, ਪਰ ਜੋਗਿੰਦਰ ਸਿਹੁੰ ਦੀ ਕੀ ਮਜਬੂਰੀ ਹੈ ਇਸ ਬ੍ਰਹਿਮੰਡੀ ਪਸਾਰੇ ਵਰਗੇ ਵੱਡੇ ਇਤਿਹਾਸਕ ਵਰਤਾਰੇ ਨਾਲ ਆਢ੍ਹਾ ਲਾਉਣਾ? ਇਹ ਕੋਈ ਨਿਰੀ ਕਿਸੇ ਖੁਰਾਫਾਤੀ ਦਿਮਾਗ ਦੀ ਉਪਜ ਨਹੀਂ ਹੈ। ਇਸ ਪਿੱਛੇ ਭਾਰਤੀ ਇੰਟੈਂਲੀਜੈਂਸੀ ਦੀ ਪੁਖਤਾ ਵਿਉਂਤਬੰਦੀ ਹੈ ਜਿਸ ਦੀ ਸਰਪਰਸਤ ਭਾਰਤ ਦੀ ਸਭ ਤੋਂ ਵੱਡੀ ਅੱਤਵਾਦੀ ਜਥੇਬੰਦੀ ਆਰ.ਐਸ.ਐਸ. ਹੈ ਅਤੇ ਇਸੇ ਅੱਤਵਾਦੀ ਜੱਥੇਬੰਦੀ ਦੀ ਮੈਲ ਨਾਲ ਬਣੀ ਹੋਈ ਗੈਰ ਸਿਧਾਂਤਕ ਕਥਿਤ ਰਾਸ਼ਟਰੀ ਸਿੱਖ ਸੰਗਤ ਜੋ ਇਸ ਦੀ ਵਰਕਿੰਗ ਕਮੇਟੀ ਹੈ, ਜੋ ਸਾਰੀਆਂ ਸਿੱਖ ਸੰਸਥਾਵਾਂ ਵਿੱਚ ਘੁਸਪੈਠ ਕਰ ਚੁੱਕੀ ਹੈ। ਜਿਸਨੇ ਆਪਣੀ ਕਥਿਤ ਰਹਿਤ ਮਰਯਾਦਾ ਲਾਗੂ ਕਰਕੇ ਪੰਥਕ ਰਹਿਤ ਮਰਯਾਦਾ ਨੂੰ ਚੁਨੌਤੀ ਦੇਣ ਵਰਗੀ ਗੁਸਤਾਖ ਕਾਰਵਾਈ ਕੀਤੀ ਹੈ ਅਤੇ ਇਹ ਗੈਰ ਸਿਧਾਂਤਕ ਕਾਰਵਾਈ ਆਰ. ਐਸ. ਐਸ. ਦੀ ਨੰਗੀ ਚਿੱਟੀ ਗੁੰਢਾਗਰਦੀ ਹੈ। ਜਿਸ ਨਾਲ ਦੁਨੀਆਂ ਦੀ ਪੰਜਵੀਂ ਵੱਡੀ ਉਸ ਕੌਮ ਨੂੰ ਭੱਦੀ ਟਿੱਚਰ ਕੀਤੀ ਗਈ ਹੈ ਜਿਸ ਕੌਮ ਦਾ ਆਪਣਾ ਬਹੁਤ ਹੀ ਮਾਣਮੱਤਾ ਇਤਿਹਾਸਕ ਰੁਤਬਾ ਹੈ। ਜਿਸਦਾ ਆਪਣਾ ਵੱਖਰਾ ਧਰਮ ਗ੍ਰੰਥ ਹੈ, ਜਿਸਦੀ ਆਪਣੀ ਗੁਰਮੁੱਖੀ ਲਿੱਪੀ 'ਚ ਆਪਣੀ ਭਾਸ਼ਾ, ਆਪਣਾ ਸਿਧਾਂਤ ਅਤੇ ਗੁਰਮਤਿ ਸੱਭਿਆਚਾਰ ਹੈ।

ਸਿੱਖ ਕੌਮ ਨੇ ਕਦੇ ਵੀ ਕਿਸੇ ਦੇ ਘਰ ਵਿੱਚ ਬੇਲੋੜਾ ਦਖਲ ਨਹੀਂ ਦਿੱਤਾ, ਪਰ ਅੱਜ ਤੋਂ ਅਸੀਂ ਆਰ.ਐਸ.ਐਸ. ਨਾਂ ਦੀ ਨਾਮੁਰਾਦ ਬਿਮਾਰੀ ਵਰਗੀ ਜਮਾਤ ਅਤੇ ਉਸਦੀ ਮੈਲ ਕਥਿਤ ਰਾਸ਼ਟਰੀ ਸਿੱਖ ਸੰਗਤ ਨੂੰ ਆਇਨਾ ਵਿਖਾਉਣ ਦਾ ਟੀਚਾ ਮਿਥਿਆ ਹੈ ਅਤੇ ਇਹ ਸਾਡਾ ਆਖਰੀ ਐਲਾਨ ਨਾਮਾ ਹੈ ਜਿਸ ਨੂੰ ਅੱਜ ਤੋਂ ਲਾਗੂ ਸਮਝਿਆ ਜਾਵੇ ਕਿ ਉਸ ਬ੍ਰਾਹਮਣੀ ਮੱਤ ਨਾਲ ਸਿੱਖ ਧਰਮ ਦਾ ਦੂਰ ਦਾ ਵੀ ਵਾਸਤਾ ਨਹੀਂ ਹੈ ਜਿਸਦਾ ਫਰਜੀ ਨਾਮ ਹਿੰਦੂਹੈ ਜੋ ਅਕਾਲ ਪੁਰਖ ਦੀ ਸਾਜੀ ਨਿਵਾਜੀ ਖਲਕਤ ਨੂੰ ਵਰਨ ਵੰਡ 'ਚ ਵੰਡਕੇ ਉਸਦੇ ਟੁਕੜੇ ਕਰਦਾ ਹੈ ਅਤੇ ਉਸ ਦੇ ਇਕ ਵੱਡੇ ਅਤੇ ਕ੍ਰਿਤੀ ਹਿੱਸੇ ਨੂੰ ਅਛੂਤ ਕਰਾਰ ਦੇ ਕੇ ਉਸ ਨੂੰ ਨਫਰਤ ਦਾ ਪਾਤਰ ਬਣਾਉਂਦਾ ਹੈ, ਜੋ ਅਣਜੰਮੀਆਂ ਦੇਵੀਆਂ ਦੇ ਬੁੱਤ ਘੜਕੇ ਉਨ੍ਹਾਂ ਦੀ ਪੂਜਾ ਦੇ ਬਹਾਨੇ ਧੰਨ ਇੱਕਤਰ ਕਰਦਾ ਹੈ ਅਤੇ ਦੰਗੇ ਫਸਾਦ ਖੜੇ ਕਰਕੇ ਜੀਵਤ ਦੇਵੀਆਂ ਨਾਲ ਬਲਾਤਕਾਰ ਕਰਦਾ ਹੈ ਅਤੇ ਉਨ੍ਹਾਂ ਸ਼ਰਮਨਾਕ ਦ੍ਰਿਸ਼ਾ ਨੂੰ ਕੈਮਰਾ ਬੰਦ ਕਰਕੇ ਉਨ੍ਹਾਂ ਦੀਆਂ ਵਿਡੀਉ ਬਣਾਉਂਦਾ ਹੈ, ਜੋ ਅਛੂਤ ਦੇ ਪਰਛਾਵੇਂ ਨਾਲ ਅਪਵਿੱਤਰ ਹੋ ਜਾਂਦਾ ਹੈ ਪਰ ਅਛੂਤ ਦੀ ਧੀ ਨਾਲ ਬਲਾਤਕਾਰ ਕਰਕੇ ਵੀ ਪਵਿੱਤਰ ਰਹਿੰਦਾ ਹੈ। ਇੰਨੇ ਕੁਕਰਮ ਕਰਨ ਵਾਲਾ ਬ੍ਰਾਹਮਣ ਅਸੱਭਿਆਚਾਰ, ਆਪਣੇ ਨਾਪਾਕ ਹੱਥਾਂ ਨਾਲ ਦੇਵੀ ਦਾ ਸੁੰਦਰ ਬੁੱਤ ਘੜਦਾ ਹੈ ਫਿਰ ਉਸ ਖੂਬਸੂਰਤ ਬੁੱਤ ਦਾ ਹਾਰ-ਸ਼ਿੰਗਾਰ ਕਰਦਾ ਹੈ ਅਤੇ ਮਾਂ ਸ਼ਬਦ ਨਾਲ ਨਿਵਾਜੇ ਹੋਏ ਬੁੱਤ ਨੂੰ ਨਵਾਊਂਦਾ, ਧੋਹਦਾ, ਉਸਦੇ ਵੱਸਤਰ ਉਤਾਰਦਾ ਤੇ ਪਾਉਂਦਾ ਹੈ

ਇਹ ਸਾਰੇ ਕਰਮ ਮਰਦ ਪੁਜਾਰੀ ਕਰਦੇ ਹਨ। ਬ੍ਰਾਹਮਣ ਦੇ ਇਨ੍ਹਾਂ ਸਾਰੇ ਕੁਕਰਮਾਂ ਦੀ ਸਵਾਮੀ ਰਾਮ ਤੀਰਥ ਡਾਂਡੀ ਸਨਿਆਸੀ ਨੇ ਰੱਜ ਕੇ ਮਿੱਟੀ ਪਲੀਤ ਕੀਤੀ ਹੈ। ਜੋ ਹਿੰਦੂਸ਼ਾਸਤਰਾਂ ਦਾ ਅਧਿਐਨ ਕਰਨ ਤੋਂ ਬਾਅਦ ਉਨ੍ਹਾਂ ਦੇ ਵੱਡੇ ਅਲੋਚਕ ਵਜੋਂ ਪ੍ਰਸਿੱਧ ਹੋਏ ਹਨ। ਪਰ ਜਿਸ ਵਕਤ ਸਵਾਮੀ ਜੀ ਨੇ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦਾ ਅਧਿਐਨ ਕੀਤਾ ਤਾਂ ਉਨ੍ਹਾਂ ਨੇ ਉਸ ਅਧਿਐਨ ਹੇਠ ਬਤੌਰ ਸਿੱਖ ਦਸਤਖਤ ਕਰ ਦਿੱਤੇ। ਅੱਜ ਜਿਸ ਧਰਮ ਨੂੰ ਧਰਮ ਸਿੰਘ ਵਰਗੇ ਅਗਿਆਨੀ ਚਨੌਤੀ ਦੇ ਰਹੇ ਹਨ ਉਸ ਧਰਮ ਦੀਆਂ ਉੱਚੀਆਂ ਸੁੱਚੀਆਂ ਸਿਖਿਆਵਾਂ ਨੂੰ ਗ੍ਰਹਿਣ ਕਰਨ ਵਾਲੇ ਸਵਾਮੀ ਜੀ ਵਰਗੇ ਗਿਆਨੀਆਂ ਨੇ ਉਸਨੂੰ ਧਾਰਨ ਕਰ ਲਿਆ ਕਿਉਂਕਿ ਉਹ ਵਿਕਾਊ ਨਹੀਂ ਸਨ। ਸਵਾਮੀ ਜੀ ਨੇ ਦੇਵੀਆਂ ਵੱਲੋਂ ਧਾਰਨ ਕੀਤੇ ਜਾਂਦੇ ਹਥਿਆਰਾਂ ਅਤੇ ਉਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਸ਼ੇਰਾਂ ਚੀਤਿਆਂ ਵਰਗੇ ਜਾਨਵਰਾਂ ਦੀਆਂ ਸਵਾਰੀਆਂ ਦਾ ਮਖੌਲ ਉਡਾਉਣ ਦੇ ਨਾਲ ਉਨ੍ਹਾਂ ਨੂੰ ਲੋਕਾਂ ਵਿੱਚ ਦਹਿਸ਼ਤ ਫੈਲਾਉਣਾ ਦਸਿਆ ਹੈ।

ਡਾ. ਇਕਬਾਲ ਸਿੰਘ ਢਿੱਲੋਂ ਵਰਗੇ ਕਥਿਤ ਲੇਖਕਾਂ ਨੂੰ ਸਵਾਮੀ ਰਾਮ ਤੀਰਥ ਵਰਗੇ ਸੱਚ ਦੇ ਖੋਜੀ ਵਿਦਿਵਾਨਾਂ ਤੋਂ ਸੇਧ ਅਤੇ ਸਿਖਿੱਆ ਲੈਣੀ ਚਾਹੀਦੀ ਹੈ। ਵਿਦਿਵਾਨ ਲੇਖਕ ਉਹ ਹੁੰਦਾ ਹੈ ਜੋ ਨਰੋਆ ਅਤੇ ਸੇਹਤਮੰਦ ਸਮਾਜ ਸਿਰਜਣ ਵਿੱਚ ਆਪਣਾ ਈਮਾਨਦਾਰੀ ਨਾਲ ਯੋਗਦਾਨ ਪਾਉਂਦਾ ਹੈ ਨਾ ਕੇ ਅੱਜ ਦੇ ਯੂਨੀਵਰਸਿਟੀਆਂ ਦੇ ਡਾਕਟਰਾਂ ਵਾਂਗ ਸਿੱਖ ਧਰਮ ਵਰਗੇ ਰਿਸ਼ਟ-ਪੁਸ਼ਟ ਧਰਮ ਨੂੰ ਬਿਮਾਰ ਅਤੇ ਕਮਜੋਰ ਕਰਨ ਦੇ ਫਾਰਮੂਲੇ ਘੜਨੇ ਵਿਦਵਤਾ ਹੈ? ਡਾ. ਢਿੱਲੋ ਲਿਖਦੇ ਹਨ ਕਿ ਕਥਿਤ ਅਕਾਲ ਤਖਤ ਦੇ ਕਾਰਨ ਪਿਛਲੀ ਸਦੀ ਤੋਂ ਸਿੱਖਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਡਾ. ਢਿੱਲੋ ਅਨੁਸਾਰ ਅਕਾਲ ਤਖਤ ਦੀ ਮਾਨਤਾ ਰੱਦ ਹੋਣੀ ਚਾਹੀਦੀ ਹੈ, ਪਰ ਜਿਨ੍ਹਾਂ ਯੂਨੀਵਰਸਿਟੀਆਂ ਦੀ ਹਾਈ ਬ੍ਰੀਡ ਡਾ. ਢਿੱਲੋ ਸਮੇਤ ਡਾ. ਯੋਧ ਸਿੰਘ, ਡਾ. ਹਰਪਾਲ ਸਿੰਘ ਪੰਨੂ, ਡਾ. ਸ਼ਮਸ਼ੇਰ ਸਿੰਘ ਅਤੇ ਡਾ. ਹਰਮੋਹਿੰਦਰ ਸਿੰਘ ਬੇਦੀ ਵਰਗੇ ਗੁਲਾਮ ਤਬੀਅਤ ਲੇਖਕ ਅਤੇ ਵਿਦਵਾਨ ਹਨ ਉਨ੍ਹਾ ਯੂਨੀਵਰਸਿਟੀਆਂ ਬਾਰੇ ਡਾ. ਢਿੱਲੋ ਦੀ ਕੀ ਰਾਏ ਹੈ? ਜਿਨ੍ਹਾਂ ਯੂਨੀਵਰਸਿਟੀਆਂ ਨੂੰ ਸਿੱਖਾਂ ਦੇ ਪ੍ਰਮੁੱਖ ਵਿਦਿਅਕ ਅਦਾਰਿਆਂ ਵਜੋਂ ਕਾਇਮ ਕੀਤਾ ਗਿਆ ਸੀ ਅਤੇ ਜਿੱਥੋਂ ਗੁਰਮਤਿ ਸੱਭਿਆਚਾਰ ਨੇ ਪ੍ਰਫੁੱਲਤ ਹੋਣਾ ਅਤੇ ਦੁਨੀਆਂ ਨੂੰ ਚਾਨਣ ਵੰਡਣਾ ਸੀ ਪਰ ਇਨ੍ਹਾਂ ਵਿਸ਼ਵਵਿਦਿਆਲਿਆਂ ਦੀ ਪੈਦਾਵਾਰ ਉਪਰੋਕਤ ਡਾਕਟਰਾਂ ਨੇ ਆਰ.ਐਸ.ਐਸ. ਦੀ ਵਰਕਿੰਗ ਕਮੇਟੀ ਕਥਿਤ ਰਾਸ਼ਟਰੀ ਸਿੱਖ ਸੰਗਤ ਦੀ ਮੈਂਬਰਸ਼ਿਪ ਲੈ ਕੇ ਬਾਣੀ ਦੇ ਬੋਹਥ ਗੁਰੂ ਗ੍ਰੰਥ ਸਾਹਿਬ ਦੇ ਏਕਾਧਿਕਾਰ ਨੂੰ ਬਚਿੱਤਰ ਨਾਟਕ ਗ੍ਰੰਥ ਦੀ ਪੁਰਜੋਰ ਹਮਾਇਤ ਕਰਕੇ ਚੁਨੌਤੀ ਦਿੱਤੀ ਕੀ ਫਿਰ ਇਨ੍ਹਾਂ ਉਪਰੋਕਤ ਅਦਾਰਿਆਂ ਦੀ ਮਾਨਤਾ ਰੱਦ ਕਰ ਦਿੱਤੀ ਜਾਵੇ ਜਾਂ ਫਿਰ ਇਨ੍ਹਾਂ ਨੂੰ ਢਾਹ ਕੇ ਪੱਧਰਾ ਕਰ ਦਿੱਤਾ ਜਾਵੇ? ਪਰ ਮੇਰੀ ਤਾਂ ਇੱਥੇ ਵੀ ਇਹੀ ਰਾਏ ਹੈ ਕਿ ਅਕਾਲ ਤਖਤ ਸਮੇਤ ਸਮੂਹ ਵਿਸ਼ਵ ਵਿਦਿਆਲਿਆਂ ਚੋਂ ਵੀ ਗੁਲਾਮ ਜਹਿਨੀਅਤ ਵਾਲੇ ਸ਼ੱਕੀ ਅਤੇ ਭਰਿਸ਼ਟ ਵਿਅਕਤੀਆਂ ਨੂੰ ਬਾਹਰ ਕੱਢ ਕੇ ਅਤੇ ਇਨ੍ਹਾਂ ਸਮੂਹ ਵੱਡੇ ਮਹਾਤਮ ਵਾਲੀਆਂ ਥਾਵਾ ਤੇ ਉਸਾਰੂ ਸੋਚ ਵਾਲੇ ਅਤੇ ਉੱਚੇ ਸੁੱਚੇ ਕਿਰਦਾਰ ਵਾਲੇ ਵਿਅਕਤੀ ਨਿਯੁਕਤ ਕੀਤੇ ਜਾਣ। ਇਸੇ ਤਰ੍ਹਾਂ ਹੀ ਸਮੇਂ ਦੇ ਗੇੜ ਨੇ ਜਨਜੀਵਨ ਦਾ ਅਧਾਰ ਰਹੇ ਦਰਿਆਵਾਂ ਨੂੰ ਵੀ ਦੂਸ਼ਤ ਦਰ ਦਿੱਤਾ ਹੈ। ਪਰ ਡਾ. ਢਿੱਲੋ ਵਾਂਗ ਕਦੇ ਵੀ ਕਿਸੇ ਨੇ ਇਨ੍ਹਾਂ ਪ੍ਰਦੂਸ਼ਤ ਹੋ ਚੁੱਕੇ ਦਰਿਆਵਾਂ ਨੂੰ ਪੂਰ ਦੇਣ ਦੀ ਦਲੀਲ ਨਹੀਂ ਦਿੱਤੀ ਬਲਕਿ ਜੀਵਨ ਦੇ ਇੰਨ੍ਹਾਂ ਮੂਲ ਸ੍ਰੋਤਾਂ ਨੂੰ ਦੋਬਾਰਾ ਸਾਫ ਸੁਥਰਾ ਕਰਨ ਦੀ ਮੰਗ ਜਰੂਰ ਉੱਠਦੀ ਹੈ। ਡਾ. ਢਿੱਲੋਂ ਵਰਗੇ ਲੋਕਾਂ ਦੇ ਵਿਚਾਰ ਛੂਤ ਦੀ ਬਿਮਾਰੀ ਵਰਗੇ ਹਨ ਜਿਨ੍ਹਾਂ ਦਾ ਪਰਦੂਸ਼ਣ ਅੱਗੇ ਤੋਂ ਅੱਗੇ ਫੈਲ ਰਿਹਾ ਹੈ ਅਤੇ ਇਨ੍ਹਾਂ ਦੂਸ਼ਤ ਵਿਚਾਰਾਂ ਦਾ ਕੇਂਦਰ ਰੋਜਾਨਾ ਸਪੋਕਸਮੈਨ ਹੈ। ਜਿਸਦੇ ਹੋਂਦ ਵਿੱਚ ਆਉਂਦਿਆਂ ਹੀ ਸਿੱਖ ਧਰਮ ਦੇ ਸਾਰੇ ਮੂਲ ਸ੍ਰੋਤਾਂ ਤੇ ਬਹੁਤ ਹੀ ਤਰਤੀਬਵਾਰ ਅਤੇ ਸਮੂਹਕ ਹਮਲੇ ਹੋਣੇ ਸ਼ੁਰੂ ਹੋਏ ਦਰਅਸਲ ਇਹ ਵੀ ਆਪਰੇਸ਼ਨ ਬਲੂਸਟਾਰ, ਆਪਰੇਸ਼ਨ ਬਲੈਕ ਥੰਡਰ ਅਤੇ ਆਪਰੇਸ਼ਨ ਵੁੱਡਰੋਜ਼ ਵਾਂਗ ਇਕ ਅਣਐਲਾਨਿਆਂ ਆਪਰੇਸ਼ਨ ਹੈ ਅਤੇ ਜੋ ਵੀ ਸਿੱਖ ਇਸ ਦਾ ਹਿੱਸਾ ਹਨ ਉਨ੍ਹਾਂ ਦਾ ਹਿੰਦੂਕਰਨ ਕੀਤਾ ਜਾ ਚੁੱਕਾ ਹੈ ਅਤੇ ਇਨ੍ਹਾਂ ਸਿਲਸਿਲੇਵਾਰ ਹਮਲਿਆਂ ਲਈ ਅਲੱਗ ਅਲੱਗ ਟੀਮਾਂ ਦਾ ਗਠਨ ਕੀਤਾ ਗਿਆ ਹੈ ਜਿਵੇਂ ਏ. ਟੀਮ ਬਚਿੱਤਰ ਨਾਟਕ ਗ੍ਰੰਥ ਦਾ ਪੁਰਜੋਰ ਵਿਰੋਧ ਕਰਦੀ ਹੈ ਜਿਸ ਵਿੱਚ ਸੱਚੇ ਸਿੱਖ ਵੀ ਸ਼ਾਮਲ ਹੋ ਜਾਂਦੇ ਹਨ ਕਿਉਂਕਿ ਵਿਰੋਧ ਜਾਇਜ਼ ਹੈ ਅਤੇ ਬੀ. ਟੀਮ ਉਸ ਨੂੰ ਵਕਾਰ ਦਾ ਸੁਆਲ ਬਣਾ ਕੇ ਸਿੱਖਾਂ ਦੇ ਵਾਹਦ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਉਸਦੀ ਗੱਦੀ ਲਗਵਾਉਂਦੀ ਹੈ। ਫਿਰ ਏ. ਟੀਮ ਸਿੱਖਾਂ ਨੂੰ ਬਚਿੱਤਰ ਨਾਟਕ 'ਚ ਉਲਝੇ ਹੋਏ ਦੇਖ ਕੇ ਲਗਦੇ ਹੱਥ ਹੀ ਗੁਰੂਗ੍ਰੰਥ ਸਾਹਿਬ ਤੇ ਭਰਵਾ ਵਾਰ ਕਰਦੀ ਹੈ ਅਤੇ ਹਵਾਲਾ ਦਿੰਦੀ ਹੈ ਬਾਇਬਲ ਨੂੰ ਛਾਂਗੇਂ ਜਾਣ ਦਾ, ਭਾਵ ਲਾਲਚੀ ਡਾ. ਵਾਂਗ ਗੁਰੂ ਗ੍ਰੰਥ ਸਾਹਿਬ ਦਾ ਆਪਰੇਸ਼ਨ ਕਰਨਾ ਚਾਹੁੰਦੀ ਹੈ ਜਿਵੇਂ ਬੇ-ਇਮਾਨ ਡਾ. ਅੱਜ ਕੱਲ ਬੀਮਾਰੀ ਦਾ ਬਹਾਨਾ ਘੜਕੇ ਚੰਗੇ ਭਲੇ ਬੰਦੇ ਦਾ ਆਪਰੇਸ਼ਨ ਕਰਕੇ ਉਸਦੇ ਗੁਰਦੇ ਕੱਢ ਲੈਂਦੇ ਹਨ। ਇਨ੍ਹਾਂ ਸਮੂਹ ਵਾਕਿਆਂ ਨਾਲ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੋਏ ਸਿੱਖਾਂ ਨੂੰ ਇਕ ਵਾਰ ਫਿਰ ਆਪਣਾ ਗੁਰੂ ਲਾਹੌਰ 'ਚ ਤੱਤੀ ਤਵੀ ਤੇ ਬੈਠਾ ਅਤੇ ਚਾਂਦਨੀ ਚੌਂਕ ਵਿਚ ਕਤਲ ਹੁੰਦਾ ਨਜ਼ਰ ਆਉਣ ਲੱਗਦਾ ਹੈ। ਸਿੱਖ ਇਸ ਮਾਨਸਿਕ ਪੀੜਾ ਚੋ ਨਿਕਲ ਕੇ ਕੁਝ ਅੱਗੇ ਸੋਚ ਵੀ ਨਹੀਂ ਪਾਉਂਦੇ ਕਿ ਇਕ ਹੋਰ ਸੀ. ਟੀਮ ਨਾਗਪੁਰੀ ਨਾਗਾਂ ਦੇ ਦਿਸ਼ਾ ਨਿਰਦੇਸ਼ਾ ਤੇ ਇਕ ਵੱਡੇ ਝੂਠ ਦਾ ਨਿਗਲਿਆ ਹੋਇਆ ਲੋਥੜਾ ਗਲੱਛਦੀ ਹੋਈ ਸਾਹਮਣੇ ਆਉਂਦੀ ਹੈ ਜਿਸ ਵਿੱਚ ਕਥਿਤ ਸੱਚ ਖੋਜ ਅਕੈਡਮੀ ਦੇ ਨਾਂ ਤੇ ਝੂਠ ਖੋਜ ਕਥਿਤ ਨਿਹੰਗ ਧਰਮ ਸਿੰਘ ਧੜਾ ਅਤੇ ਕਥਿਤ ਲੇਖਕ ਡਾ. ਢਿੱਲੋ ਸ਼ਾਮਲ ਹਨ। ਇਥੇ ਸਿੱਖ ਮਾਰਗ ਡਾਟ ਕਾਮ ਦੀ ਨੀਤੀ ਵੀ ਬੜੀ ਖ਼ਤਰਨਾਕ ਜਾਪਦੀ ਹੈ। ਕਿਉਂਕਿ ਰੋਜਾਨਾ ਸਪੋਕਸਮੈਨ ਅਗਰ ਇਕ ਪਾਸੜ ਹਮਲੇ ਕਰਦਾ ਹੈ ਭਾਵ ਉਹ ਆਪਣੇ ਵਿਰੋਧੀ ਵਿਚਾਰਾਂ ਨੂੰ ਬਿਲਕੁਲ ਵੀ ਥਾਂ ਨਹੀਂ ਦਿੰਦਾ ਅਤੇ ਦੂਜਿਆਂ ਨੂੰ ਬੇਸ਼ਕ ਉਹ।। ਰੋਸੁ ਨ ਕੀਜੈ ਉਤਰੁ ਦੀਜੈ।। ਦਾ ਉਪਦੇਸ਼ ਹਰ ਰੋਜ ਦਿੰਦਾ ਹੈ। ਪਰ ਇਸਦੇ ਉਲਟ ਸਿੱਖ ਮਾਰਗ ਡਾਟ ਕਾਮ ਦੋਹਾਂ ਵਿਰੋਧੀ ਧੜਿਆਂ ਦਾ ਮੈਚ ਕਰਵਾਉਂਦਾ ਹੈ। ਅਜਿਹਾ ਕਰਕੇ "ਸਿੱਖ ਮਾਰਗ" ਸਿੱਖ ਧਰਮ ਦੀਆਂ ਇਤਿਹਾਸਕ ਅਤੇ ਸਿਧਾਂਤਕ ਮਾਨਤਾਵਾਂ ਤੇ ਕਰਾਰੀ ਚੋਟ ਕਰ ਰਿਹਾ ਹੈ। ਗੁਰਬਾਣੀ ਦਾ ਫ਼ੁਰਮਾਨ ਇਨ੍ਹਾਂ ਕਥਿਤ ਲੇਖਕਾਂ ਤੇ ਢੁਕਵਾਂ ਹੈ ਕਿ ।। ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ।। ਡੁਬਿ ਮੁਏ ਬਗੁ ਬਪੁੜੇ ਸਿਰੁ ਤਲਿ ਉਪਰਿ ਪਾਉ।। ਕਥਿਤ ਨਹਿੰਗ ਧਰਮ ਸਿੰਘ ਵਰਗੇ ਕਈ ਕਥਿਤ ਵਿਦਿਵਾਨ ।। ਸਬਦੁ ਗੁਰੂ ਸੁਰਤਿ ਧੁਨਿ ਚੇਲਾ।। ਦੇ ਅਰਥਾਂ ਦੇ ਅਨਰਥ ਕਰਦੇ ਹੋਏ ਜੋ ਗੁਰੂ ਨਾਨਕ ਤੋਂ ਗੁਰਿਆਈ ਖੋਹਣ ਲੱਗੇ ਹੋਏ ਹਨ, ਪਰ ਕੀ ਇਹ ਗੁਰੂ ਨਾਨਕ ਦੇ ਸ਼ਰੀਕ ਇਹ ਦੱਸਣ ਦੀ ਖੇਚਲ ਕਰਨਗੇ ਕੇ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜਾਂ ਉਸ ਸਮੇਂ ਕਿੰਨੇ ਕੁ ਲੋਕ ਸ਼ਬਦ ਗੁਰੂਨੂੰ ਜਾਣਦੇ ਸਨ? ਜਾਂ ਫਿਰ ਸਿੱਖ ਧਰਮ ਤੋਂ ਬਾਹਰ ਅੱਜ ਕਿਨ੍ਹੇ ਲੋਕ ਸ਼ਬਦ ਗੁਰੂ ਤੋਂ ਜਾਣੂ ਹਨ ? ਕਹਿਣ ਦਾ ਭਾਵ ਸਾਨੂੰ ਤਾਂ ਸ਼ਬਦ ਗੁਰੂਦੀ ਸੋਝੀ ਗੁਰੂਨਾਨਕ ਸਾਹਿਬ ਨੇ ਦਿਤੀ ਹੈ। ਗੁਰੂਨਾਨਕ ਤੋਂ ਪਹਿਲੇ ਇਹੀ ਧਰਮ ਸਿੰਘ ਵਰਗੇ ਸੁੰਢ ਦੀ ਗੰਢੀ ਵਾਲੇ ਪੰਸਾਰੀ ਇੱਟਾਂ, ਪੱਥਰਾਂ ਅਤੇ ਚੂਹਿਆਂ ਬਿੱਲੀਆਂ ਦੀ ਪੂਜਾ ਹੀ ਕਰਦੇ ਸਨ। ਇਨ੍ਹਾਂ ਕਸਾਈਆਂ ਵਰਗੇ ਵਿਦਵਾਨਾਂ ਤੇ ਲਿਖਾਰੀਆਂ ਨੂੰ ਵੇਖਕੇ ਇਕ ਬਹੁਤ ਪੁਰਾਣੀ ਹਿਰਦੇਵੇਦਕ ਘਟਨਾ ਮੈਨੂੰ ਅਕਸਰ ਯਾਦ ਆਉਂਦੀ ਹੈ। ਸਾਡੇ ਪਿੰਡ ਤੋਂ ਕੁਝ ਮੀਲ ਦੂਰ ਇਕ ਨੀਲ ਗਾਂ (ਜੰਗਲੀ) ਸੜਕ ਪਾਰ ਕਰਨ ਲੱਗਿਆ ਕਿਸੇ ਵੱਡੇ ਵਾਹਨ ਨਾਲ ਟੱਕਰਾ ਕੇ ਜ਼ਖਮੀ ਹੋ ਗਈ ਪਰ ਉਸ ਵਕਤ ਮਨੁੱਖਾਂ ਦੇ ਜੰਗਲੀਪੁਣੇ ਦੀ ਕੋਈ ਹੱਦ ਨਾ ਰਹਿ ਗਈ ਜਿਸ ਵਕਤ ਨੇੜਿਓ ਲੰਘ ਰਹੇ ਰਾਹਗੀਰਾਂ ਨੇ ਉਸ ਨਾਲ ਹਮਦਰਦੀ ਕਰਨ ਦੀ ਬਜਾਏ ਉਸ ਜਿਊਂਦੀ ਗਾਂ ਦਾ ਮਾਸ ਵੱਡਣਾ ਸ਼ੁਰੂ ਕਰ ਦਿੱਤਾ ਅਤੇ ਜਿਨ੍ਹਾਂ ਮੀਟ ਕਿਸੇ ਨੂੰ ਚਾਹੀਦਾ ਸੀ ਉਨ੍ਹਾਂ ਉਹ ਕੱਢ ਕੇ ਲੈ ਗਿਆ। ਅੱਜ ਇਹੀ ਹਾਲ ਇੰਨਾਂ ਖੋਜੀ ਕਸਾਈਆਂ ਨੇ ਸਿੱਖ ਧਰਮ ਦਾ ਕਰ ਦਿੱਤਾ ਹੈ ਕਿਉਂਕਿ ਅੱਜ ਸਿੱਖ ਧਰਮ ਵੀ ਉਸ ਨੀਲ ਗਾਂ ਵਾਂਗ ਫੱਟੜ ਹੋਇਆ ਪਿਆ ਹੈ। ਪਰ ਯਾਦ ਰੱਖਿਉ ਕਸਾਈਉ ਇਹ ਵਿਚਾਰੀ ਗਾਂ ਨਹੀਂ ਇਹ ਧਰਮ ਹੈ। ਜਿਸਦੀ ਬੁਨਿਆਦ ਗੁਰੂ ਨਾਨਕ ਸਾਹਿਬ ਨੇ ਰੱਖੀ ਹੈ। ਜਿਸ ਦੀਆਂ ਮਜਬੂਤ ਨੀਹਾਂ ਵਿਚ ਗੁਰੂ ਅਰਜੁਨ ਸਾਹਿਬ ਦੀ ਚਰਬੀ ਢਲੀ ਹੈ। ਜਿਸ ਵਿਚ ਗੁਰੂ ਤੇਗ ਬਹਾਦਰ ਦਾ ਖ਼ੂਨ ਡੁਲਿਆ ਅਤੇ ਉਨ੍ਹਾਂ ਦੇ ਪੋਤਿਆਂ ਨੇ ਆਪਾ ਚਿਣਵਾਇਆ ਹੈ। ਜਿਸਦੀ ਮਜਬੂਤੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੀਤੀ ਹੈ ਜਿਸ ਦੀਆਂ ਨੀਹਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਸ ਦੇ ਲੋਥੜੇ ਡਿੱਗੇ ਹਨ ਅਤੇ ਜਿਸ ਸਿੱਖੀ ਦੇ ਬਾਗ ਨੂੰ ਤੁਸੀਂ ਬੇਕਿਰਕ ਕੈਂਚੀਆਂ ਨਾਲ ਛਾਂਗ ਰਹੇ ਹੋ ਉਸ ਵਿੱਚੋਂ ਜੋ ਫੁੱਲ ਅਜੇ ਖਿੜਨੇ ਹਨ ਉਨੰਾਂ ਫੁੱਲਾਂ ਨੇ ਪੂਰੇ ਸੰਸਾਰ ਨੂੰ ਮਹਿਕਾਂ ਵੱਡਣੀਆਂ ਹਨ ਅਤੇ ਤੁਹਾਡੇ ਇਨ੍ਹਾਂ ਗਲੇ ਸੜੇ ਵਿਚਾਰਾਂ ਦੀ ਸੜਾਂਦ ਵੀ ਬਾਕੀ ਨਹੀਂ ਰਹਿ ਜਾਣੀ। ਸਿੱਖ ਧਰਮ ਨੂੰ ਜੱਖਮੀ ਅਤੇ ਕਈਆਂ ਕਾਵਾਂ-ਕੁੱਤਿਆਂ ਨੂੰ ਉਸ ਉਦਾਲੇ ਝੁਰਮਟ ਪਾਇਆ ਵੇਖ ਕੇ ਜੋਗਿੰਦਰ ਸਿਹੁੰ ਦੇ ਸ਼ਗਰਿਦ ਧਰਮ ਸਿੰਘ ਤੋਂ ਬਾਅਦ ਡਾ. ਇਕਬਾਲ ਸਿੰਘ ਢਿੱਲੋ ਨੇ ਵੀ ਛੁਰੀ ਚੁੱਕ ਲਈ ਹੈ ਡਾ. ਢਿੱਲੋ ਮੇਰੇ ਅੱਜ ਦੇ ਲੇਖ ਦਾ ਮੁੱਖ ਪਾਤਰ ਹੈ। ਡਾ. ਢਿੱਲੋ ਜਿੱਥੇ ਇਕ ਪਾਸੇ ਅਕਾਲ ਤਖਤ ਦੀ ਹੋਂਦ ਨੂੰ ਇਕ 12 ਫੁੱਟ ਉੱਚੇ ਥੜੇ ਦੇ ਰੂਪ 'ਚ ਸਵੀਕਾਰਦੇ ਹਨ। ਉਥੇ ਉਸ ਨੂੰ ਰੱਦ ਕਰਨ ਲਈ ਇਕ ਬਚਕਾਨਾ ਜਿਹਾ ਬਹਾਨਾ ਘੜਦੇ ਹਨ ਕਿ ਅਕਾਲ ਤਖਤ ਗੁਰੂ ਹਰ ਗੋਬਿੰਦ ਸਾਹਿਬ ਦੇ ਅੰਮ੍ਰਿਤਸਰ ਤੋਂ ਚਲੇ ਜਾਣ ਤੋਂ ਬਾਅਦ ਅਲੋਪ ਹੋ ਗਿਆ ਸੀ। ਉਹ ਇਹ ਵੀ ਮੰਨਦੇ ਹਨ ਕਿ ਅਕਾਲ ਤਖਤ ਨਾਂ ਦਾ ਥੜਾ ਮੁਗਲ ਹਕੂਮਤ ਦੇ ਤਖਤ ਤੋਂ 8 ਫੁੱਟ ਉੱਚਾ ਸੀ। ਅਗਰ ਵਿਰੋਧੀ ਵਿਚਾਰ ਰੱਖਣ ਵਾਲਾ ਵਿਅਕਤੀ ਅਕਾਲ ਤਖਤ ਨੂੰ ਅਸਥਾਈ ਤੌਰ ਤੇ ਹੀ ਸਵਿਕਾਰ ਕਰ ਲੈਂਦਾ ਹੈ ਤਾਂ ਅਸੀਂ ਹੋਰ ਹਵਾਲਿਆਂ ਵੱਲ ਜਾਏ ਬਗੈਰ ਹੀ ਸਾਰੇ ਸ਼ੰਕੇ ਨਵਿਰਤ ਕਰ ਸਕਦੇ ਹਾਂ ਕਿ ਗੁਰੂਹਰਗੋਬਿੰਦ ਸਾਹਿਬ ਵੱਲੋਂ ਲਏ ਗਏ ਵੱਡੇ ਰਾਜਨੀਤਕ ਫੈਸਲੇ ਜਿਥੇ ਇਕ ਪਾਸੇ ਗੁਰੂਅਰਜੁਨ ਸਾਹਿਬ ਦੀ ਸ਼ਹਾਦਤ ਦੇ ਕਾਰਨ ਸਿੱਖਾਂ ਵਿੱਚ ਉੱਠੀ ਵਿਦ੍ਰੋਹ ਦੀ ਲਹਿਰ ਸੀ। ਉਥੇ ਇਸ ਵੱਡੀ ਇਨਕਲਾਬੀ ਦਬਦੀਲੀ ਦੀ ਅਧਾਰਸ਼ਿਲਾ ਪਹਿਲੇ ਤੋਂ ਹੀ ਤਿਆਰ ਹੋ ਚੁੱਕੀ ਸੀ। ਜਿਸ ਨੂੰ ਪੰਜਵੇਂ ਪਾਤਸ਼ਾਹ ਨੇ ਆਦਿ ਗ੍ਰੰਥ ਸਾਹਿਬ ਵਿੱਚ ਦਰਜ ਕਰ ਦਿੱਤਾ ਸੀ। ਜਿਸ ਦੇ ਹਵਾਲੇ ਪ੍ਰੋ: ਦਰਸ਼ਨ ਸਿੰਘ ਸਾਬਕਾ ਜਥੇਦਾਰ ਡਾ. ਢਿੱਲੋਂ ਨੂੰ ਵਿਸਥਾਰ ਸਹਿਤ ਦੇ ਚੁੱਕੇ ਹਨ। ਬੇਸ਼ਕ ਡਾ. ਢਿੱਲੋਂ ਦੇ ਵਿਚਾਰਾਂ ਅਨੁਸਾਰ ਸ਼ੁਰੂ'ਚ ਅਕਾਲ ਤਖਤ ਇਕ 12 ਫੁੱਟ ਉੱਚੇ ਥੜੇ ਦੇ ਰੂਪ 'ਚ ਹੀ ਸਿਰਜਿਆ ਗਿਆ ਸੀ। ਇਸ ਨਾਲ ਅਕਾਲ ਤਖਤ ਦੀ ਹੋਂਦ ਨੂੰ ਕੋਈ ਫਰਕ ਨਹੀਂ ਪੈਂਦਾ। ਅਕਾਲ ਤਖਤ ਦੀ ਸਿਰਜਣਾ ਸਿੱਧੀ ਉਸ ਦਿੱਲੀ ਦਰਬਾਰ ਲਈ ਚੁਨੌਤੀ ਸੀ ਜਿਸ ਨੇ ਗੁਰੂਅਰਜੁਨ ਸਾਹਿਬ ਨੂੰ ਸ਼ਹੀਦ ਕਰਨ ਦਾ ਸ਼ਾਹੀ ਹੈਂਕੜਬਾਜੀ 'ਚ ਫੈਸਲਾ ਲਿਆ ਸੀ। ਬੇਸ਼ੱਕ ਇਹ ਫੈਸਲਾ ਚੰਦੂਲਾਲ ਵਰਗਿਆਂ ਦੀ ਈਰਖਾ ਅਤੇ ਚੁੱਕਣਾ ਦਾ ਹੀ ਨਤੀਜਾ ਸੀ ਪਰ ਦਿੱਲੀ ਤਖਤ ਦੀ ਆਗਿਆ ਤੋਂ ਬਗੈਰ ਗੁਰਮਤਿ ਵਿਰੋਧੀਆਂ ਦੀ ਕਾਰਵਾਈ ਪੂਰ ਨਹੀਂ ਸੀ ਚੜ੍ਹ ਸਕਦੀ। ਰਿਹਾ ਸਵਾਲ ਅਕਾਲ ਤਖਤ ਦੇ ਅਲੋਪ ਹੋ ਜਾਣ ਦਾ ਇਸ ਨਾਲ ਵੀ ਅਕਾਲ ਤਖਤ ਦੀ ਮੌਜੂਦਾ ਹੋਂਦ ਤੋਂ ਇਨਕਾਰ ਕਰਨ ਦਾ ਬਹਾਨਾ ਨਹੀਂ ਘੜਿਆ ਜਾ ਸਕਦਾ ਕਿਉਂਕਿ ਦੁਸ਼ਮਣ ਦਲਾਂ ਨੇ ਛੇਵੇਂ ਪਾਤਸ਼ਾਹ ਨਾਲ ਚਾਰ ਜੰਗਾਂ ਲੜੀਆਂ ਬੇਸ਼ੱਕ ਗੁਰੂ ਸਾਹਿਬ ਹਰ ਮੈਦਾਨ ਫ਼ਤਹਿ ਕਰਦੇ ਰਹੇ। ਉਸ ਤੋਂ ਬਾਅਦ ਕੁਝ ਰਾਜਨੀਤਿਕ ਕਾਰਨਾਂ ਕਰਕੇ ਗੁਰੂ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ। ਉਸ ਤੋਂ ਬਾਅਦ ਸਰਕਾਰੀ ਚਾਪਲੂਸਾਂ ਦਾ ਦਰਬਾਰ ਸਾਹਿਬ ਤੇ ਕਬਜਾ ਵੀ ਰਿਹਾ। ਇਸ ਤੋਂ ਇਲਾਵਾ ਅਹਿਮਦ ਸ਼ਾਹ ਅਬਦਾਲੀ ਵੱਲੋਂ ਦਰਬਾਰ ਸਾਹਿਬ ਨੂੰ ਢਾਹੁਣ ਦੇ ਨਾਲ ਸਰੋਵਰ ਵੀ ਪੂਰਿਆ ਗਿਆ। ਇਨ੍ਹਾਂ ਕਬਜਿਆਂ ਅਤੇ ਹਮਲਿਆਂ ਦੌਰਾਨ ਅਕਾਲ ਤਖਤ ਵੀ ਢਾਹਿਆ ਗਿਆ ਸੀ। ਪਰ ਅਗਰ ਸਿੱਖ ਦੋਬਾਰਾ ਦਰਬਾਰ ਸਾਹਿਬ ਉਸਾਰ ਸਕਦੇ ਹਨ ਅਤੇ ਸਰੋਵਰ ਦੀ ਕਾਰਸੇਵਾ ਕਰ ਸਕਦੇ ਹਨ ਤਾਂ

ਦੋਬਾਰਾ ਅਕਾਲ ਤਖਤ ਵੀ ਉਸਾਰਿਆ ਜਾ ਸਕਦਾ ਹੈ ਅਤੇ ਦੋਬਾਰਾ ਉਸਾਰੀ ਕਰਨ ਨਾਲ ਜਿਵੇਂ ਦਰਬਾਰ ਸਾਹਿਬ ਦਾ ਮਹਤਵ ਨਹੀਂ ਘਟਦਾ ਇਵੇਂ ਅਕਾਲ ਤਖਤ ਦੀ ਮਹਾਨਤਾ ਵੀ ਘਟ ਨਹੀਂ ਹੁੰਦੀ। ਰਿਹਾ ਸਵਾਲ ਅਕਾਲ ਤਖਤ ਦੇ ਕੱਚੇ ਜਾਂ ਪੱਕੇ ਥੜੇ ਦੇ ਰੂਪ ’ਚ ਪ੍ਰਗਟ ਹੋਣ ਦਾ, ਤਰਕ ਵਜੋਂ ਅਗਰ ਕਿਸੇ ਦਾ ਬਾਪ-ਦਾਦਾ ਕਿਸੇ ਭਵਨ ਦੀ ਨੀਂਹ ਰੱਖਕੇ ਅਕਾਲ ਚਲਾਣਾ ਕਰ ਜਾਵੇ ਤਾਂ ਅੱਗੇ ਚੱਲਕੇ ਲੋੜੀਦੇ ਸਾਧਨ ਹੋਣ ਤੇ ਉਨ੍ਹਾਂ ਦਾ ਕੋਈ ਪੁੱਤ, ਪੋਤਾ ਉਸ ਭਵਨ ਦੀ ਉਸਾਰੀ ਕਰ ਦੇਵੇ ਅਤੇ ਉਸ ਤੋਂ ਅੱਗੇ ਉਨ੍ਹਾਂ ਦੀਆਂ ਹੋਰ ਪੀੜ੍ਹੀਆਂ ਉਸ ਉੱਤੇ ਹੋਰ ਮੰਜਲਾਂ ਉਸਾਰ ਦੇਣ ਤਾਂ ਉਸ ਭਵਨ ਦੀ ਇਤਿਹਾਸਕ ਪ੍ਰਮਾਨਿਕਤਾ ਘਟਦੀ ਨਹੀਂ ਬਲਕਿ ਵਧ ਜਾਂਦੀ ਹੈ ਅਤੇ ਉਸ ਭਵਨ ਦਾ ਅੱਗੇ ਤੋਂ ਅੱਗੇ ਹੋਇਆ ਨਿਰਮਾਣ ਤਾਂ ਆਪਣੇ ਆਪ ਹੀ ਇਕ ਸ਼ਿਲਾਲੇਖ ਬਣ ਜਾਂਦਾ ਹੈ ਗੁਰੂ ਅਰਜੁਨ ਸਾਹਿਬ ਦੇ ਸਮੇਂ ਅੰਦਰੋਂ ਅਤੇ ਬਾਹਰੋਂ ਉਠੇ ਵਿਰੋਧੀਆਂ ਦੇ ਕਾਰਨ ਲੰਗਰ ਵੀ ਮਸਤ ਹੋ ਗਏ ਸਨ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਘਰ ਘਾਟ ਵੀ ਕੁਰਕ ਲਿਆ ਗਿਆ ਸੀ ਅਤੇ ਗੁਰੂ ਛੇਵੇਂ ਪਾਤਸ਼ਾਹ ਨੂੰ ਗਵਾਲੀਅਰ ਦੀ ਜੇਲ੍ਹ ਵਿਚ ਕੈਦ ਕੀਤਾ ਗਿਆ। ਅਜਿਹੇ ਹਲਾਤਾਂ ਵਿਚ ਆਈਆਂ ਆਰਥਿਕ ਤੰਗੀਆਂ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਪਰ ਇੰਨ੍ਹਾਂ ਹਲਾਤਾਂ ਵਿੱਚ ਵੀ ਜੰਗੀ ਸਾਜੋ ਸਮਾਨ ਦੀ ਤਿਆਰੀ ਦੇ ਨਾਲ ਇਕ 12 ਫੁੱਟ ਉੱਚਾ ਤਖਤ ਬੇਸ਼ੱਕ ਵਿਰੋਧੀ ਵਿਚਾਰਾਂ ਅਨੁਸਾਰ ਕੱਚਾ-ਪੱਕਾ ਥੜਾ ਹੀ ਸਹੀਂ, ਉਸਾਰ ਕੇ ਉਸਨੂੰ ਮੁਗਲਈ ਤਖਤ ਦੇ ਮੁਕਾਬਲੇ ਅਕਾਲ ਤਖਤ ਵਜੋਂ ਮਾਨਤਾ ਦਿੱਤੀ ਜਾਣੀ ਆਪਣੇ ਆਪ ’ਚ ਹੀ ਇਕ ਪੁਖਤਾ ਗਵਾਹੀ ਅਤੇ ਦਿੱਲੀ ਦੇ ਤਖਤ ਲਈ ਵੰਗਾਰ ਦੇ ਨਾਲ ਇਕ ਲਾ ਮਿਸਾਲ ਘਟਨਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਵੱਲੋਂ ਸ਼ਾਹੀ ਲਿਬਾਸ ਪਹਿਨਣਾ, ਕਲਗੀ ਲਗਾਉਣੀ ਸ਼ਸ਼ਤਰ ਧਾਰਨ ਕਰਨੇ ਆਦਿ ਅਕਾਲ ਤਖਤ ਦੀ ਉਸ ਵਕਤ ਹੋਂਦ ਨੂੰ ਦਰਸਾਉਂਦੇ ਹਨ। ਗੁਰੂ ਹਰ ਗੋਬਿੰਦ ਸਾਹਿਬ ਵੱਲੋਂ ਲਿਆਂਦੀ ਗਈ ਹਰ ਤਬਦੀਲੀ ਸਮੇਂ ਦੀ ਹਕੂਮਤ ਲਈ ਵੰਗਾਰ ਹੈ। ਜਿਸ ਵਕਤ ਗੈਰ ਮੁਸਲਮਾਨਾਂ ਲਈ ਪੱਗ ਬੰਨਣ ਅਤੇ ਸਸ਼ਤਰ ਧਾਰਨ ਕਰਨ ਤੇ ਮੁੰਕਮਲ ਪਾਬੰਦੀ ਸੀ, ਉਸ ਵਕਤ ਗੁਰੂ ਸਾਹਿਬ ਵੱਲੋਂ ਦੋ- ਦੋ ਦਸਤਾਰਾਂ ਸਜਾਉਣ ਅਤੇ ਦੋ-ਦੋ ਤਲਵਾਰਾਂ ਪਾਏ ਜਾਣ ਦੇ ਨਾਲ ਤਖਤ ਤੇ ਬਿਰਾਜਮਾਨ ਹੋਣਾ ਵੀ ਨਿਸ਼ਚਿਤ ਹੈ। ਡਾ. ਢਿੱਲੋ ਅਨੁਸਾਰ ਰਿਹਾ ਅਕਾਲ ਤਖਤ ਨੂੰ ਅਕਾਲ ਬੁੰਗਾ ਲਿਖਿਆ ਜਾਣਾ, ਇਸ ਦੀ ਮਿਸਾਲ ਵੀ ਅਕਾਲ ਤਖਤ ਦੇ ਨੇੜੇ ਸੁਸ਼ੋਭਤ ਦਰਬਾਰ ਸਾਹਿਬ ਤੋਂ ਮਿਲ ਜਾਂਦੀ ਹੈ ਜਿਵੇਂ ਕਿਸੇ ਵੱਡੀ ਸਾਜਸ਼ ਦੇ ਤਹਿਤ ਦਰਬਾਰ ਸਾਹਿਬ ਦਾ ਨਾਂ ਕੁਝ ਦਹਾਕਿਆਂ ਵਿਚ ਹਰਮੰਦਰ ਸਾਹਿਬ ਪ੍ਰਚਲੱਤ ਕਰ ਦਿੱਤਾ ਗਿਆ ਹੈ। ਇਸ ਨੂੰ ਵੀ ਕੁਝ ਸੌ ਸਾਲਾਂ ਬਾਅਦ ਡਾ. ਢਿੱਲੋ ਵਰਗੇ ਚੁਨੌਤੀ ਦੇਣ ਲੱਗ ਜਾਣਗੇ ਕਿ ਦਰਬਾਰ ਸਾਹਿਬ ਤਾਂ ਕਦੇ ਇੱਥੇ ਹੁੰਦਾ ਹੀ ਨਹੀਂ ਸੀ। ਅਜਿਹੀਆਂ ਸਾਜਸ਼ਾਂ ਸ਼ੁਰੂਤੋਂ ਹੀ ਹੁੰਦੀਆਂ ਆ ਰਹੀਆਂ ਹਨ। ਇਸ ਤੋਂ ਇਲਾਵਾ ਡਾ. ਢਿੱਲੋਂ ਵਰਗੇ ਕਥਿਤ ਲੇਖਕ, ਮੌਜੂਦਾ ਦੌਰ ’ਚ ਅਕਾਲ ਤਖਤ ਤੋਂ ਲਏ ਜਾਂਦੇ ਅਧਾਰਹੀਣ ਫੈਸਲਿਆਂ ਅਤੇ ਇਸ ਲਈ ਗੈਰਜਿੰਮੇਵਾਰ ਜਥੇਦਾਰਾਂ ਨੂੰ ਅਧਾਰ ਬਣਾਕੇ ਅਕਾਲ ਤਖਤ ਦੀ ਮਾਨਤਾ ਰੱਦ ਕਰਵਾਉਣ ਲਈ ਬਜਿੱਦ ਦਿਖਾਈ ਦਿੰਦੇ ਹਨ। ਪਰ ਡਾ. ਢਿੱਲੋਂ ਅਤੇ ਉਨ੍ਹਾਂ ਦੇ ਹਮਖਿਆਲਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਕ ਵਾਰ ਮੱਸਾ ਰੰਗੜ ਵੀ ਦਰਬਾਰ ਸਾਹਿਬ ਆਪਣਾ ਦਰਬਾਰ ਲਗਾ ਕੇ ਬੈਠ ਗਿਆ ਸੀ, ਕੀ ਫਿਰ ਦਰਬਾਰ ਸਾਹਿਬ ਭਿਟਿੱਆ ਗਿਆ ਸੀ ਜਾਂ ਸਿੱਖਾਂ ਨੇ ਆਪਣਾ ਦਾਅਵਾ ਛੱਡ ਦਿੱਤਾ ਸੀ? ਇਸ ਘਟਨਾ ਤੋਂ ਪਹਿਲੇ ਧੀਰਮੱਲੀਏ ਸੋਢੀ ਵੀ ਦਰਬਾਰ ਸਾਹਿਬ ’ਚ ਆਪਣੀ ਮਨਮੱਤ ਚਲਾਉਂਦੇ ਰਹੇ। ਉਸ ਤੋਂ ਬਾਅਦ ਪਾਲਕ ਅਜੀਤ ਸਿੰਘ ਨੇ ਵੀ ਦਰਬਾਰ ਸਾਹਿਬ ’ਚ ਆਪਣੀ ਗੱਦੀ ਲਾਈ। ਪੁਜਾਰੀਆਂ ਦੇ ਸਮੇਂ ਬੇਦੀ ਵੀ ਗੱਦੀ ਲਗਾ ਕੇ ਬੈਠਦੇ ਰਹੇ ਇਸਦੇ ਬਾਵਜੂਦ ਉਹ ਬਹੁਤਾ ਚਿਰ ਟਿਕ ਨਾ ਸਕੇ ਕਿਉਂਕਿ ਇਹ ਵਿਰਾਸਤ ਗੁਰਸਿੱਖਾਂ ਦੀ ਹੈ ਅਤੇ ਗੁਰਸਿੱਖਾਂ ਨੇ ਹੀ ਇਸ ਨੂੰ ਸੰਭਾਲਣਾ ਹੈ। ਡਾ. ਢਿੱਲੋ ਅਤੇ ਧਰਮ ਸਿੰਘ ਵਰਗੇ ਇਹ ਸਪਨੇ ਲੈਣੇ ਛੱਡ ਦੇਣ ਕਿ ਸਿੱਖ ਕਦੇ ਆਪਣੇ ਕੇਂਦਰੀ ਅਸਥਾਨਾਂ ਦਾ ਕਬਜਾ ਛੱਡ ਦੇਣਗੇ। ਬਾਕੀ ਦੇ ਗੁਰੂ ਦੋਖੀਆਂ ਦਾ ਤਾਂ ਮੈਨੂੰ ਪਤਾ ਨਹੀਂ ਪਰ ਡਾ. ਢਿੱਲੋ ਨੂੰ ਤਾਂ ਆਪਣੇ ਘਰ ਚੋਂ ਹੀ ਵੱਡੀ ਵੰਗਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵ ਡਾ. ਢਿੱਲੋਂ ਦੀ ਧਰਮ ਪਤਨੀ ਬੀਬੀ ਹਰਭਜਨ ਕੌਰ ਢਿੱਲੋਂ ਹੀ ਅਕਾਲ ਤਖਤ ਦਾ ਕਬਜਾ ਛੱਡਣ ਨੂੰ ਤਿਆਰ ਨਹੀਂ ਹੈ। ਬੇਸ਼ੱਕ ਬਹੁਗਿਣਤੀ ਬੀਬੀਆਂ ਧਾਰਮਿਕ ਹੁੰਦੀਆਂ ਹਨ ਅਤੇ ਇਸਦੇ ਮੁਕਾਬਲੇ ਧਰਮ ਦਾ ਗਿਆਨ ਰੱਖਣ ਵਾਲੀਆਂ ਬੀਬੀਆਂ ਬਹੁਤ ਘੱਟ ਹੁੰਦੀਆਂ ਹਨ। ਬੀਬੀ ਹਰਭਜਨ ਕੌਰ ਢਿੱਲੋਂ ਜਿਥੇ ਧਾਰਮਿਕ ਹਨ ਉਥੇ ਧਰਮ ਦਾ ਪੂਰਾ ਗਿਆਨ ਵੀ ਰੱਖਦੇ ਹਨ। ਦਰਅਸਲ ਬੀਬੀ ਹਰਭਜਨ ਕੌਰ ਦੀ ਬਦੌਲਤ ਹੀ ਮੈਂ ਇਸ ਲੇਖ ਵਿੱਚ ਡਾ. ਢਿੱਲੋਂ ਨਾਲ ਨਰਮੀ ਵਰਤੀ ਹੈ ਅਤੇ ਇਸਦੇ ਨਾਲ ਹੀ ਮੇਰਾ ਉਨ੍ਹਾਂ ਨੂੰ ਸੁਝਾਅ ਹੈ ਕਿ ਅਗਰ ਡਾ. ਢਿੱਲੋਂ ਵਾਕਿਆ ਹੀ ਵੱਡੇ ਇਤਿਹਾਸਕਾਰਾਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ ਤਾਂ ਉਸ ਲਈ ਬਹੁਤ ਸਾਰੇ ਉਸਾਰੂ ਵਿਸ਼ੇ ਹਨ ਜਿਨ੍ਹਾਂ ਦੀ ਖੋਜ ਕਰਕੇ ਉਹ ਵੱਡੇ ਇਤਿਹਾਸਕਾਰ ਬਣਨ ਦਾ ਆਪਣਾ ਸਪਨਾ ਪੂਰਾ ਕਰ ਸਕਦੇ ਹਨ। ਵੈਸੇ ਜਿੰਨੇ ਵੀ ਜੋਗਿੰਦਰ ਸਿਹੁੰ ਸਮੇਤ ਨਵੇਂ ਨਵੇਂ ਖੋਜੀ ਕਥਿਤ ਲੇਖਕ ਵਿਦਵਾਨ ਪਿਛਲੇ ਕੁਝ ਸਾਲਾਂ ’ਚ ਸਿੱਖ ਧਰਮ ਦੀ ਖੱਲ ਲਾਹੁਣ ਲਗੇ ਹੋਏ ਹਨ ਇਨ੍ਹਾਂ ਵੱਡੇ ਵਿਦਿਵਾਨਾਂ ਨੂੰ ਕੋਈ ਲਾਲਾ-ਬਾਣੀਆਂ ਆਪਣੀ ਹੱਟੀ ਤੇ ਮੁਨੀਮ ਵੀ ਨਾ ਰੱਖੇ ਕਿਉਂਕਿ ਇਨ੍ਹਾਂ ਦਾ ਵਿਦਵਾਨ ਹੋਣਾ ਤਾਂ ਨਿਰਾ ਭਰਮ ਹੈ ਪਰ ਇਹ ਤਾਂ ਭਰੋਸੇਯੋਗ ਵਿਅਕਤੀ ਵੀ ਨਹੀਂ ਬਣ ਸਕੇ। ਕਥਿਤ ਨਹਿੰਗ ਧਰਮ ਸਿੰਘ ਬਾਰੇ ਸਾਨੂੰ ਕੁਝ ਨਵੀਆਂ ਸੂਚਨਾਵਾਂ ਮਿਲੀਆਂ ਹਨ, ਕਿਉਂਕਿ ਧਰਮ ਸਿੰਘ ਦਾ ਤਰਜਮਾਨ ਅਤੇ ਉਸਦੇ ਪ੍ਰੋਗਰਾਮਾਂ ਨੂੰ ਆਪਰੇਟ ਕਰਨ ਦੇ ਨਾਲ ਸਿੱਖ ਵਿਦਵਾਨਾ ਨੂੰ ਧਰਮ ਸਿੰਘ ਵੱਲੋਂ ਵੰਗਾਰ ਦੇਣ ਵਾਲਾ ਨਵਾਂ ਗਾਜੀ ਹਰਪ੍ਰੀਤ ਸਿੰਘ ਕੁਝ ਦਿਨ ਪਹਿਲੇ ਆਪਣੇ ਇਕ ਸਾਥੀ ਨਾਲ ਮੇਰੇ ਘਰ ਆਇਆ ਸੀ ਬੇਸ਼ਕ ਹਰਪ੍ਰੀਤ ਦੀ ਅਸਲੀਅਤ ਮੈਨੂੰ ਉਸਦੇ ਜਾਣ ਤੋਂ ਕੁਝ ਘੰਟੇ ਬਾਅਦ ਪਤਾ ਲੱਗੀ ਹੈ ਅਤੇ ਹਰਪ੍ਰੀਤ ਬਾਰੇ ਜਾਣਕਾਰੀ ਦੇਣ ਵਾਲਿਆਂ ਨੇ ਧਰਮ ਸਿੰਘ ਵੱਲੋਂ ਸਿੱਖ ਧਰਮ ’ਚ ਸੰਨ੍ਹ ਲਾਏ ਜਾਣਦੇ ਟਿਕਾਣਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਧਰਮ ਸਿੰਘ ਸਿੱਖ ਮਿਸ਼ਨਰੀ ਕਾਲਜਾਂ ਅਤੇ ਹੋਰ ਗੁਰਮਤਿ ਵਿਦਿਅਕ ਅਦਾਰਿਆਂ ਚੋਂ ਫਰੀ ਗੁਰਮਤਿ ਗਿਆਨ ਹਾਸਲ ਕਰ ਰਹੇ ਵਿਦਿਆਰਥੀਆਂ ਨੂੰ ਚੰਗੀ ਤਨਖਾਹ ਦੇਣ ਦੇ ਲਾਲਚ ਦੇ ਕੇ ਆਪਣੇ ਨਾਲ ਜੋੜ ਰਿਹਾ ਹੈ। ਇਸ ਤੋਂ ਇਲਾਵਾ ਧਰਮ ਸਿੰਘ ਹਰ ਉਸ ਮਹਾਨ ਸ਼ਖਸ਼ੀਅਤ ਅਤੇ ਸਿੱਖ ਧਰਮ ਦੇ ਮੂਲ ਸ੍ਰੋਤਾਂ ਤੇ ਹਮਲੇ ਕਰ ਰਿਹਾ ਹੈ। ਜਿਥੋਂ ਸਿੱਖ ਕੌਮ ਨੂੰ ਸੇਧ ਮਿਲਦੀ ਹੈ। ਉਹ ਗੁਰੂ ਗ੍ਰੰਥ ਸਾਹਿਬ ਨੂੰ ਚੁਨੌਤੀ ਦੇਣ ਦੇ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਵੀ ਅੰਨ੍ਹੀ ਨਿੰਦਿਆ ਕਰਦਾ ਹੈ, ਇਸ ਲਈ ਅਸੀਂ ਕੌਮ ਦੇ ਸੁਹਿਰਦ ਵਿਦਵਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੀ ਗਿਆਨ ਖੜਗ ਲੈ ਕੇ ਅੱਗੇ ਆਉਣ, ਅਤੇ ਇਨ੍ਹਾਂ ਸਿੱਖ ਵਿਦਵਾਨਾਂ ਨੂੰ ਵੀ ਇਤਿਹਾਸ ਦੇ ਹਰ ਪਹਿਲੂ ਤੇ ਬਰੀਕੀ ਨਾਲ ਗੌਰ ਕਰਨਾ ਚਾਹੀਦਾ ਹੈ। ਕੁਝ ਵਿਦਵਾਨ, ਸਿੱਖ ਸੰਗਤਾਂ ਵੱਲੋਂ ਅਕਾਲ ਤਖਤ ਨੂੰ ਮਹਾਨ ਕਹੇ ਜਾਣ ਤੇ ਹੀ ਵਾਕ ਆਉਟ ਕਰ ਜਾਂਦੇ ਹਨ। ਇਨ੍ਹਾਂ ਵਿਦਵਾਨ ਵੀਰਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪਹਿਲੇ ਦਿਨ ਤੋਂ ਹੀ ਅਕਾਲ ਤਖਤ ਮਹਾਨ ਦਾ ਨਾਅਰਾ ਲਾਉਣ ਪਿੱਛੇ ਸਿੱਖਾਂ ਦੀ ਜੋ ਭਾਵਨਾ ਰਹੀ ਜਾਂ ਹੈ ਉਹ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਅਕਾਲ ਤਖਤ ਨੂੰ ਮਹਾਨ ਦਰਸਾਉਣ ਦੀ ਨਹੀਂ ਹੈ। ਸਿੱਖਾਂ ਦਾ ਅਕਾਲ ਤਖਤ ਦਿੱਲੀ ਤਖਤ ਦੇ ਮੁਕਾਬਲੇ ਹਮੇਸ਼ਾ ਹੀ ਮਹਾਨ ਰਿਹਾ ਹੈ ਅਤੇ ਰਹੇਗਾ। ਜਿਸ ਦਾ ਸੰਕਲਪ ਹੀ ਦਿੱਲੀ ਤਖਤ ਲਈ ਵੰਗਾਰ ਸੀ। ਅਕਾਲ ਤਖਤ ਗੁਰੂ ਗ੍ਰੰਥ ਸਾਹਿਬ ਦਾ ਤਾਂ ਤਰਜਮਾਨ ਹੈ ਪਰ ਅਕਾਲ ਤਖਤ ਦੁਨੀਆਂ ਦੇ ਕਿਸੇ ਵੀ ਧਰਮ ਗ੍ਰੰਥ ਅਤੇ ਧਾਰਮਿਕ ਵਿਚਾਰ ਨੂੰ ਚੁਨੌਤੀ ਨਹੀਂ ਦਿੰਦਾ। ਸਿੱਖ ਵਿਦਵਾਨਾਂ ਨੂੰ ਹਰ ਪੱਖ ਤੋਂ ਸੁਚੇਤ ਹੋ ਕੇ ਕੌਮ ਦੀ ਅਗਵਾਈ ਲਈ ਇਮਾਨਦਾਰੀ ਨਾਲ ਅੱਗੇ ਆਉਣਾ ਚਾਹੀਦਾ ਹੈ। ਹਮੇਸ਼ਾ ਜਿੰਦਾ ਕੌਮਾਂ ਦੀ ਅਗਵਾਈ ਦੋ ਧਿਰਾਂ ਕਰਦੀਆਂ ਹਨ ਇਕ ਹਥਿਆਰਬੰਦ ਤੇ ਦੂਜਾ ਕਲਮਬੰਦ ਦਸਤਾ ਅਗਰ ਹਥਿਆਰ ਬੰਦ ਦਸਤਾ ਵਕਤੀ ਤੌਰ ਤੇ ਹਾਰ ਗਿਆ ਹੈ ਤਾਂ ਕਲਮਬੰਦ ਦਸਤਿਆਂ ਨੂੰ ਮੈਦਾਨ ਸੰਭਾਲਣਾ ਚਾਹੀਦਾ ਸੀ ਪਰ ਅਜਿਹਾ ਅਜੇ ਤੱਕ ਨਹੀਂ ਹੋਇਆ ਬਲਕਿ ਕੌਮ ਦੀ ਬੇੜੀ ਮੱਝਧਾਰ ਵਿੱਚ ਫਸੀ ਵੇਖ ਕੇ ਵਿਦਵਾਨ ਧੜਾ ਭਰੀ ਬੇੜੀ ਨੂੰ ਲਹਿਰਾਂ ਦੇ ਹਵਾਲੇ ਕਰਕੇ ਏਸੀ ਬੰਗਲਿਆਂ ’ਚ ਜਾ ਵੜਿਆ ਹੈ ਅਗਰ ਇਹ ਧੜਾ ਕਦੇ ਨਜ਼ਰ ਆਉਂਦਾ ਹੈ ਤਾਂ ਕਿਸੇ ਸੈਮੀਨਾਰ ਵਿੱਚ ਕੌਮ ਦੀ ਬਰਬਾਦੀ ਦਾ ਪਰਚਾ ਪੜ ਰਿਹਾ ਹੁੰਦਾ ਹੈ। ਇਸ ਤਰ੍ਹਾਂ ਆਪਣੀ ਵਿਦਵਤਾ ਦਾ ਮੁਜ਼ਾਹਰਾ ਕਰਕੇ ਇਹ ਦਸਤਾ ਫਿਰ ਆਪਣੀਆਂ ਅਰਾਮਗਾਹਾਂ ’ਚ ਜਾ ਵੜਦਾ ਹੈ। ਇਹ ਇਮਾਨਦਾਰੀ ਨਹੀਂ ਹੈ ਅਤੇ ਫਰਜਾਂ ਦੀ ਅਣਦੇਖੀ ਹੈ। ਜਰਾਂ ਸੰਭਲੋ ਤੁਸੀਂ ਜਵਾਬਦੇਹ ਹੋ। ਅਕਾਲ ਤਖਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ।

**ਮਿਤੀ : 10 ਜੁਲਾਈ, 2011**


**ਤਸਦੀਕ ਕਰਤਾ**
**ਬਚਿੱਤਰ ਸਿੰਘ ਆਹਲੂਵਾਲੀਆ**
**ਜਨਰਲ ਸਕੱਤਰ, ਜਾਂਬਾਜ਼ ਫੋਰਸ**
09646594232

**ਲੇਖਕ**
**ਸੁਰਿੰਦਰ ਕੌਰ ਨਿਹਾਲ**
**ਚੇਅਰ ਪਰਸਨ, ਜਾਂਬਾਜ਼ ਫੋਰਸ**
09780286489, 09041667939

Email : jaanbaazforce@yahoo.com, nihal1958@ymail.com, Website : www.jaanbaazforce.in


**ਦਰਬਾਰ-ਏ-ਖਾਲਸਾ ਖ਼ਬਰ ਨਾਮਾ ਦੀ ਰਿਪੋਰਟ**